੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ

# Khalsa Samachar


ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ

Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੮ ਜਿਲਦ ੩੧ ੧੪-੨੦ ਜਨਵਰੀ ੨੦੨੧, ੧-੭ ਮਾਘ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 8 Volume 31, 14-20 January 2021
Yearly Subscription India 250/-, Abroad 2500/- and Life Membership India 2500/-, Abroad 25000/-

**ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।**
(ਭਾਈ ਗੁਰਦਾਸ, ਵਾਰ 41/17)

## ਅੰਦਰ


- ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ 3
- ਸ੍ਰੀ ਗੁਰੂ ਗੋਬਿੰਦ ਸਿੰਘ : ਜੀਵਨ ਅਤੇ ਸਾਹਿਤਿਕ ਸਿਰਜਣਾ 5
- Guru Gobind Singh : Life & Legacy 8
- ਸੌ ਸਾਲ ਪਹਿਲਾਂ : ਨਵੇਂ ਵਾਈਸਰਾਇ... 10
- ਸ਼ਬਦ ਵਿਆਖਿਆ 11
- ਰਿਪੋਰਟ : 'ਪੰਜਾਬੀ ਸਾਹਿਤ ਵਿਚ ਸਬਾਲਟਰਨ ਚੇਤਨਾ' 'ਤੇ ਚਰਚਾ 12


**ਗੁਰੂ ਗੋਬਿੰਦ ਸਿੰਘ ਪ੍ਰਕਾਸ਼-ਪੁਰਬ : 20 ਜਨਵਰੀ/ਪੋਹ ਸੁਦੀ ਸਪਤਮੀ**

# ਚਿਤ ਨ ਭਯੋ ਹਮਰੋ ਆਵਨ ਕਹ।


❖ ਭਾਈ ਸਾਹਿਬ ਭਾਈ ਵੀਰ ਸਿੰਘ


**ਚਿਤ ਨ ਭਯੋ ਹਮਰੋ ਆਵਨ ਕਹ।**
**ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ।** (ਪਾ. 10)

ਪਿਤਾ ਜੀ ਪਿਆਰੇ ਪੁਤ੍ਰ ਨੂੰ ਪ੍ਰਦੇਸ ਭੇਜਣ ਦੀ ਆਗਯਾ ਦੇਂਦੇ ਹਨ, ਪੁੱਤ੍ਰ ਜੀ ਪਰਦੇਸ ਵਿਚ ਜੋ ਕੰਮ ਕਰਨਾ ਹੈ ਉਸਦੇ ਬੋਝ ਨੂੰ ਬਹੁਤ ਭਾਰਾ ਸਮਝਕੇ ਪਿਆਰ ਤੇ ਆਸਰੇ ਭਰੀਆਂ ਨਿਗਾਹਾਂ ਨਾਲ ਚਰਨ ਕਮਲਾਂ ਵੱਲ ਤਕ ਰਹੇ ਹਨ। ਪਿਆਰਾ ਪਿਤਾ ਜਾਣਦਾ ਹੈ ਕਿ ਪੁੱਤ੍ਰ ਮੇਰੀ ਸਹਾਇਤਾ ਮੰਗਦਾ ਹੈ, ਅਰ ਮੇਰੀ ਸ਼ਕਤੀ ਦਾ ਆਸਰਾ ਨਾਲ ਲੀਤੇ ਬਿਨਾਂ ਪਰਦੇਸ ਜਾਣੋਂ ਸੰਗਦਾ ਹੈ। ਪਿਆਰਾ ਪਿਤਾ, ਸ਼ਕਤੀਮਾਨ ਪਿਤਾ ਬਚਨ ਦੇਂਦਾ ਹੈ ਕਿ ਪੁਤ੍ਰ! ਤੂੰ ਜਾ ਕੇ ਮੇਰੀ ਆਗਯਾ ਪੂਰਨ ਕਰ। ਪਿਤਾ ਆਖਦਾ ਹੈ ਜਾਹੁ ਬੇਟਾ, ਤੂੰ ਮੇਰੇ ਪੁੱਤ੍ਰ ਹੋਣ ਦੀ ਵਡਿਆਈ ਰਖਦਾ ਹੈਂ, ਤਾਂ ਤੇ ਮੈਂ ਤੇਰੇ ਵਿਚ ਹਾਂ। ਤੂੰ ਆਤਮਜ ਹੈਂ, ਤਾਂਤੇ ਮੇਰਾ ਰੂਪ ਹੈਂ, ਮੇਰਾ ਸਾਰਾ ਧਰਮ ਪਰਦੇਸ ਵਿਚ ਤੇਰਾ ਧਰਮ ਹੋਵੇਗਾ, ਮੇਰੀ ਸਾਰੀ ਪਵਿਤ੍ਰਤਾ ਤੇਰੀ ਪਵਿਤ੍ਰਤਾ ਹੋਵੇਗੀ, ਤੇਰੇ ਸਾਰੇ ਕਰਮ ਮੇਰੇ ਕਰਮ ਹੋਣਗੇ, ਤੈਨੂੰ ਕਿਸੇ ਗੱਲ ਦਾ ਲੇਪ ਨਹੀਂ ਹੋਵੇਗਾ। ਆਗਯਾਕਾਰੀ ਪੁਤ੍ਰ ਨਮਸਕਾਰ ਕਰਦਾ ਹੈ, ਸ਼ੁਕਰ ਦੇ ਭਾਵ ਨਾਲ ਆਕਾਸ਼ ਧੰਨਜ ਹੋ ਜਾਂਦਾ ਹੈ। ਪਰ ਵੇਖੋ ਪੁੱਤ੍ਰ ਅਜੇ ਪਰਦੇਸ ਨਹੀਂ ਜਾ ਰਿਹਾ, ਅਜੇ ਅਟਕ ਰਿਹਾ ਹੈ, ਅਜੇ ਝਿਜਕ ਰਿਹਾ ਹੈ, ਅਜੇ ਸਿਰ ਨਿਹੁੜਾਇ ਪ੍ਰੇਮ ਪ੍ਰੋਤਾ ਖੜਾ ਹੈ। ਕੀ ਪੁਤ੍ਰ ਅਨ-ਆਗਯਾਕਾਰ ਹੈ? ਕੀ ਪੁੱਤ੍ਰ ਡਰਾਕਲ ਹੈ, ਜੋ ਪਰਦੇਸ ਦੇ ਦੁਖਾਂ ਤੋਂ ਭੈ ਖਾ ਰਿਹਾ ਹੈ? ਕੀ ਪੁਤ੍ਰ ਸੁਆਰਥੀ ਹੈ ਜੋ ਪਿਤਾ ਦੀ ਆਗਯਾ ਪਾਲਨ ਲਈ ਘਰ ਦੇ ਸੁਖਾਂ ਦਾ ਤਿਆਗ ਨਹੀਂ ਕਰ ਸਕਦਾ? ਕਦਾਚਿਤ ਨਹੀਂ, ਪੁਤ੍ਰ ਆਗਯਾਕਾਰੀ ਹੈ, ਪੁਤ੍ਰ ਬੀਰ ਹੈ, ਪੁਤ੍ਰ ਪਰਦੇਸ ਦੇ ਦੁਖਾਂ ਤੋਂ ਡਰ ਨਹੀਂ ਰਿਹਾ, ਪਰ ਪਿਆਰੇ ਪਿਤਾ ਦੇ ਚਰਨਾਂ ਦੇ ਵਿਛੋੜੇ ਦੀ ਚੋਭ 'ਅਣੀਆਲੇ ਅਣੀਆ ਰਾਮ ਰਾਜੇ' (ਆਸਾ ਮ. ੪, ਅੰਗ ੪੪੯) ਪੁੱਤ੍ਰ ਨੂੰ ਅਟਕਾ ਰਹੀ ਹੈ, ਆਗਯਾ ਤਾਂ ਸਿਰ ਮੱਥੇ ਤੇ ਧਰ ਚੁਕਾ ਹੈ, ਟੁਰਨ ਬੀ ਲੱਗਾ ਹੈ, ਪਰ ਹਾਇ ਪ੍ਰੇਮ ਦੀਆਂ ਲੱਗੀਆਂ, ਹਾਇ 'ਰਾਮ

ਭਗਤ ਅਣੀਆਲੇ ਤੀਰ' ਕਦਮਾਂ ਨੂੰ ਹਿੱਲਣ ਨਹੀਂ ਦੇਂਦੇ। ਇਸ ਭਾਵ ਨੂੰ ਕੌਣ ਸਮਝੇ? 'ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥' (449) ਮੋਹ ਤੇ ਮਮਤਾ ਨੂੰ ਸਾਰੇ ਸਮਝਦੇ ਹਨ, ਹਿਤ ਤੇ ਪਯਾਰ ਨੂੰ ਸਾਰੇ ਜਾਣਦੇ ਹਨ, ਪਰ ਪ੍ਰੇਮ ਨੂੰ ਕੇਵਲ ਓਹ ਸਮਝਦਾ ਹੈ ਜਿਨ ਪ੍ਰੇਮ ਵੇਖਿਆ ਹੈ। ਫਿਰ ਜਦ ਬਿਰਹਾ ਸੁਲਤਾਨ ਆ ਜਾਵੇ, ਪ੍ਰੇਮ ਦੀ ਨੈਂ ਫਿਰ ਓਹ ਕਾਂਗਾਂ ਤੇ ਆਉਂਦੀ ਹੈ ਕਿ ਹੱਦ ਬੰਨੇ ਸਭ ਇਕ ਹੋ ਜਾਂਦੇ ਹਨ। ਤਦੇ ਸਤਗੁਰਾਂ ਨੇ ਕਿਹਾ ਹੈ:

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**

(ਸ਼ਲੋਕ ਫਰੀਦ, ਅੰਗ ੧੩੭੯)

ਬਿਰਹੋਂ ਪਾਤਸ਼ਾਹ ਹੈ, ਇਸ ਵੇਲੇ ਪਿਤਾ ਦੇ ਚਰਨਾਂ ਕਮਲਾਂ ਤੋਂ ਬਿਰਹਾ ਆ ਰਿਹਾ ਹੈ, ਇਸ ਵੇਲੇ ਪ੍ਰੇਮ ਹੁਰੀ ਹੜ੍ਹ ਲੈ ਆਏ ਹਨ, ਸੁਰਤ ਚਰਨਾਂ ਕਮਲਾਂ ਨੂੰ ਲਿਪਟ ਰਹੀ ਹੈ, ਕਦਮ ਕੀ ਹਿੱਲਣ ਜਦ ਸੁਰਤ ਹੀ ਚਰਨਾਂ ਵਿਚ ਮਹਵ ਹੋ ਰਹੀ ਹੈ, ਸੁਰਤ ਆਪੇ ਵਿਚ ਆਵੇ ਤਾਂ ਕੋਈ ਟੁਰੇ। ਜੇ ਸੁਰਤ ਹੀ ਅਨ-ਆਪੇ ਵਿਚ ਹੈ ਤਦ ਟੁਰੇ ਕੌਣ, ਅਰ ਕੌਣ ਕਿਸਦਾ ਅਪਰਾਧ ਵੀਚਾਰੇ? ਜੇ ਪੁਤ੍ਰ ਦੀ ਸੁਰਤ ਇਕੁਰ ਲੀਨ ਹੈ, ਤਾਂ ਪਿਤਾ ਨੂੰ ਇਹ ਖ਼ਿਆਲ ਕਿ 'ਨਹੀਂ ਟੁਰ ਰਿਹਾ' ਯਾ 'ਅਨ-ਆਗਯਾਕਾਰੀ ਹੈ' ਕਿਥੇ ਹੈ? ਓਹ ਤਾਂ ਅਪਨੇ ਪੁੱਤ੍ਰ ਦੇ ਪ੍ਰੇਮ ਵਿਚ ਆਨੰਦ ਹਨ। ਜੇ ਢੋਲ ਚੁਹੱਕਲੀ ਦੇ ਬੂੜੀਏ ਫਸੇ ਹਨ ਤਦ ਦੁਵੱਲੀ ਖਿੱਚ ਇਕ ਸਾਰ ਤਣ ਰਹੀ ਹੈ। ਇਸ ਵੇਲੇ 'ਮੈਂ ਅਟਕ ਰਿਹਾ ਹਾਂ' ਤੇ 'ਇਹ ਜਾ ਨਹੀਂ ਰਿਹਾ' ਦੋਨੋਂ ਭਾਵ ਪ੍ਰੇਮ ਦੇ ਵੇਗ ਵਿਚ ਲੋਪ ਹਨ, ਪ੍ਰੇਮ ਹੈ ਕਿ ਜਾਦੂ ਹੈ, ਪਰ ਮਿਤ੍ਰੋ! ਪਰਦੇਸ ਦੇ ਦੁਖੀਆਂ ਦੇ ਦੁਖ ਉਸ ਪ੍ਰੇਮ ਮੰਡਲ ਵਿਚ ਬੀ ਜਾ ਅੱਪੜੇ ਹਨ, ਉਹ ਪੀੜਾ ਕੀ ਕੂਕ, ਓਹ ਦਰਦ ਦੀ ਫ਼ਰਿਆਦ, ਓਹ ਕਲੇਸ਼ ਦੀ ਵਿਲਕਣੀ, ਇਤਨੀ ਤ੍ਰਿਖੀ ਤੇ ਕਟਕ ਦੀ ਡਾਢੀ ਹੋ ਗਈ ਹੈ ਕਿ ਉਥੇ ਬੀ ਜਾ ਅੱਪੜੀ। ਦੀਨ ਰੱਖਿਆ, ਪਤਤ ਪਾਵਨਤਾ ਉਸ ਪ੍ਰੇਮ ਦੇ ਆਨੰਦ ਨੂੰ ਬੀ ਅਪਨੇ ਬਿਰਦ ਪਰ ਵਾਰਦੀ ਹੈ। ਪਿਤਾ ਪੁਤ੍ਰ ਵਿਛੜਦੇ ਹਨ, ਪ੍ਰੇਮ ਦੀ ਪ੍ਰਭਾ ਵਿਚ ਪ੍ਰੇਮ ਨਾਲ ਖਿਚੇ ਪਿਤਾ ਪੁਤ੍ਰ ਵਿਛੜਦੇ ਹਨ। ਪਿਤਾ ਤਾਂ ਸ੍ਵਦੇਸ਼ ਬੈਠਾ, ਦੇਸ ਪਰਦੇਸ ਵਿਚ ਇਕ ਰੂਪ ਹੋ ਰਿਹਾ ਹੈ, ਤੇ ਪੁਤ੍ਰ ਨੂੰ ਇਕ ਸਰੀਰ ਦੇ ਕੇ ਪਰਦੇਸ ਵਿਚ ਟੋਰਿਆ ਜਾਂਦਾ ਹੈ। ਸਰੀਰ ਦੇ ਮੰਦਰ ਵਿਚ ਆ ਰਿਹਾ ਪੁਤ੍ਰ ਜੋ ਪਰੇਮ ਦੀ ਕਮਾਲ ਖਿੱਚ ਦੇ ਕਾਰਣ ਜਾਣਾ ਨਹੀਂ ਚਾਹੁੰਦਾ, ਸਰੀਰ ਦੇ ਮੰਦਰ ਵਿਚ ਜਾਣ ਤੋਂ ਪਹਿਲਾਂ ਪਿਤਾ ਦੇ ਚਰਨਾਂ ਨਾਲ ਇਕ ਡੋਰ ਬੰਨ੍ਹਦਾ ਹੈ, ਜਿਸਦਾ ਦੂਜਾ ਸਿਰਾ ਇਸ ਨਵੇਂ ਮੰਦ੍ਰ (ਸਰੀਰ) ਦੀ ਖਿੜਕੀ ਦਿਲ ਨੂੰ ਬੰਨ੍ਹ ਦੇਂਦਾ ਹੈ, ਤਾਂ ਜੋ ਪਰਦੇਸ ਵਿਚ ਪਿਤਾ ਪੁੱਤ੍ਰ ਦੇ ਵਿਚਕਾਰ ਤਾਰ ਘਰ ਦੀ ਤਾਰ ਵਾਂਗੂ ਤਾਰ ਲਗੀ ਰਹੇ, ਅਰ ਇਸ ਤਾਰ ਵਿਚ ਪ੍ਰੇਮ ਦੀ ਤਾਰ 'ਆਠ ਜਾਮ ਚੌਸਠ ਘੜੀ' (੧੩੭੭) ਵਜਦੀ ਹੀ ਰਹੇ। ਅਸੀਂ ਇਸ ਰੰਗ ਨੂੰ ਕਿਥੋਂ ਸਮਝ ਸਕੀਏ, ਓਹ ਦੈਵੀ ਪੁੱਤ੍ਰ ਜੀ ਆਪ ਆਖਦੇ ਹਨ:-

**ਚਿਤ ਨ ਭਯੋ ਹਮਰੋ ਆਵਨ ਕਹ।**
**ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ।**

ਉਹ ਜੋ ਆਉਣ ਨੂੰ ਚਿੱਤ ਨਹੀਂ ਸੀ, ਉਸਨੇ ਸੁਰਤ ਨੂੰ ਪਿਤਾ ਦੇ ਚਰਨਾਂ ਨਾਲ ਬੰਨ੍ਹ ਦਿਤਾ, ਸੁਰਤ ਦਾ ਓਥੇ ਬੰਨ੍ਹਕੇ ਟੁਰਨਾ ਫੇਰ ਯਾਦ ਦੀ ਡੋਰ ਨਾਲ ਬਝੇ ਰਹਿਣਾ, ਇਕ ਪਯਾਰੇ ਪਿਤਾ ਦੇ ਨਾਲ ਏਕਤਾ ਸੀ ਜੋ ਆਪ ਨਾਲ ਲੈ ਕੇ ਆਏ। ਇਹ ਵਸਲ ਸੀ ਜਿਸ ਨੂੰ ਹਰ ਦਮ ਪੁਤ੍ਰ ਨੇ ਪਰਦੇਸ ਆਕੇ ਬੀ ਪਿਤਾ ਨਾਲ ਇਕ ਰਸ ਕਾਇਮ ਰਖਿਆ। ਇਹ ਸੰਜੋਗ ਸੀ ਜਿਸ ਨੇ ਪਰਦੇਸ ਦੀ ਵਿੱਥ ਅਰ ਸਰੀਰ ਦੇ ਪਰਦੇ ਦੇ ਹੁੰਦਿਆਂ ਬੀ ਵਿਜੋਗ ਵਿਚ ਨਹੀਂ ਪਲਟਣ ਦਿਤਾ। ਇਹ ਮੇਲ ਦੀ ਗੰਢ ਸੀ ਜਿਸਨੇ ਬਿਰਹੋਂ ਸੁਲਤਾਨ ਨੂੰ ਉਸ ਸਰੀਰ ਵਿਚ ਸੁਰਜੀਤ ਰੱਖਿਆ, ਕਿਉਂਕਿ:-

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥੩੬॥**

(ਸ. ਫਰੀਦ-੧੩੭੯)

ਓਹ ਸਰੀਰ ਜਿਸ ਵਿਚ ਵੱਸ ਕੇ ਪਰਦੇਸ ਦਾ ਕੰਮ ਕਰਨਾ ਸੀ, ਮਸਾਣ ਹੋ ਜਾਂਦਾ। ਮਸਾਣ ਸਰੀਰ ਤਾਂ ਮੁਰਦੇ ਹੋ ਗਏ, ਮੁਰਦੇ ਅੱਗੇ ਸਾਰੇ ਹੀ ਸਨ, ਲੋੜ ਜੀਉਂਦੇ ਦੀ ਸੀ, ਜੋ ਮੁਰਦਿਆਂ ਨੂੰ ਜਿਵਾ ਦੇਂਦਾ। ਸੋ ਕਿਕੂੰ ਹੋ ਸਕਦਾ ਸੀ ਜੇ ਏਹ ਸਰੀਰ ਬੀ ਮੁਰਦਾ ਹੋ ਜਾਂਦਾ ਤਾਂ? ਇਸੇ ਕਰਕੇ ਇਸ ਸਰੀਰ ਨੂੰ ਮਸਾਣ ਨਹੀਂ ਬਣਨ ਦਿਤਾ, ਇਸ ਸਰੀਰ ਨੂੰ ਜੀਉਂਦਿਆਂ ਰੱਖਿਆ, ਇਸ ਵਿਚ ਬਿਰਹਾ ਪਾ ਦਿਤਾ। ਬਿਰਹੋਂ ਨੇ ਇਸ ਸਰੀਰ ਨੂੰ ਜ਼ਿੰਦਾ ਰਖਿਆ, ਬਿਰਹੋਂ ਸੁਲਤਾਨ ਹੈ, ਉਸ ਜੀਉਂਦੇ ਸੁਲਤਾਨ ਨੇ ਸਰੀਰ ਨੂੰ ਬੀ ਵੈਸਾ ਸੁਰਜੀਤ ਰਖਿਆ ਕਿ ਜੈਸਾ ਸੁਰਜੀਤ ਵਿਚ ਵੱਸਣ ਵਾਲਾ ਜ਼ਿੰਦਗੀ ਦਾ ਸੋਮਾਂ ਪੁਤ੍ਰ ਆਪ ਸੀ, ਪਰ ਬਿਰਹੋਂ ਸੁਲਤਾਨ ਕਿੱਕੂੰ ਵਸਿਆ। ਇਸ ਪਹਲੀ ਚੋਭ ਨੇ ਕਿ:-

'ਮੇਰਾ ਜੀ ਆਉਣ ਨੂੰ ਨਹੀਂ ਕਰਦਾ ਸੀ, ਮੇਰੀ ਸੁਰਤ ਪਿਆਰੇ ਦੇ ਚਰਨਾਂ ਵਿਚ ਚੁਭੀ ਹੀ ਰਹੀ ਹੈ'।

ਇਸ ਪਰੇਮ ਭਰੇ ਰੰਗ ਵਿਚ ਮਹਵ ਹੋਕੇ ਨਾ ਆਉਣ ਦੇ ਭਾਵ ਨੇ ਸੁਰਤ ਨੂੰ ਪਿਤਾ ਦੇ ਚਰਨਾਂ ਵਿਚ ਚੋਭ ਦਿਤਾ, ਸੁਰਤ ਦੇ ਚੁਭੈ ਰਹਣ ਨੇ ਸਰੀਰ ਵਿਚ ਬਿਰਹੋਂ ਦਾ ਵਾਸ ਕਰ ਦਿਤਾ, ਬਿਰਹੋਂ ਨੇ ਸਰੀਰ ਨੂੰ ਜੀਵਤ ਰਖਿਆ, ਜੀਵਤ ਸਰੀਰ ਨੇ ਪਰਦੇਸ ਵਿਚ ਵਸਦੇ ਦੁਖੀ ਰਵਾਨੇ ਮੁਰਦੇ ਸਰੀਰਾਂ ਨੂੰ ਅਪਨੀ ਛੁਹ ਨਾਲ, ਅਪਨੀ ਲਾਗ ਨਾਲ ਸੁਰਜੀਤ ਕਰ ਦਿਤਾ। ਇਸ ਸੁਰਜੀਤ ਕਰਨ ਨੇ ਉਹ ਮਨੋਰਥ ਪੂਰਾ ਕਰ ਦਿਤਾ, ਜਿਸਦੇ ਕਰਨ ਲਈ ਪਿਤਾ ਨੇ ਪਿਆਰੇ ਪੁੱਤ੍ਰ ਲਾਲ ਦੁਲਾਰੇ ਨੂੰ ਪਰਦੇਸ ਵਿਚ ਭੇਜ ਦਿੱਤਾ ਸੀ। ਸੋ ਪਿਆਰੇ ਪਾਠਕ! ਪੁੱਤ੍ਰ ਦਾ ਪਿਆਰੇ ਪਿਤਾ ਦੇ ਚਰਨਾਂ ਤੋਂ ਵਿਛੜਕੇ ਟੁਰਨ ਵਿਚ ਅਝਕਣੀ ਅਨ-ਆਗਯਾਕਾਰੀ ਨਹੀਂ ਸੀ, ਪਰ ਸਚੀ ਆਗਯਾ ਮੰਨਣੀ ਸੀ। ਉਸੇ ਨੁਕਤੇ ਵਿਚ ਸਾਰੇ ਮਨੋਰਥ ਦੀ ਸਿਧੀ ਸੀ, ਉਸੇ ਰੰਗ ਵਿਚ ਸਾਰਾ ਕਾਰਜ ਸੌਰਨਾ ਸੀ।

ਮਿਤ੍ਰ ਜੀ! ਕੀ ਸਮਝੇ ਹੋ? ਅੱਜ ਪਿਆਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਨ ਹੈ, ਓਹ ਇਹੋ ਸਾਈਂ ਸਵਾਰਿਆ ਪੁਤ ਹੈ ਜੋ ਵਾਹਿਗੁਰੂ ਪਿਤਾ ਨੇ ਅਜ ਦੇ ਦਿਨ ਪਰਦੇਸ ਘਲਿਆ ਸੀ। ਇਹ ਸੰਸਾਰ ਜੋ ਸਾਡਾ ਵਤਨ ਹੈ, ਇਹੋ ਧਰਤੀ ਜਿਸਨੂੰ ਅਸੀਂ ਅਪਨਾ ਦੇਸ ਕਹਿੰਦੇ ਹਾਂ, ਉਸ ਪੁਤ੍ਰ ਲਈ ਪਰਦੇਸ ਸੀ ਜਿਥੇ ਉਨ੍ਹਾਂ ਦੇ ਦੇਸ ਦੇ ਉਲਟ ਕਰਤੱਬ ਹੁੰਦੇ ਹਨ। ਇਸੇ ਪਰਦੇਸ ਵਿਚ ਵਾਹਿਗੁਰੂ ਪਿਤਾ ਜੀ ਨੇ ਸਪੁਤ੍ਰ ਕਲਗੀਧਰ ਜੀ ਨੂੰ ਆਖਿਆ ਸੀ ਕਿ: "ਜਾਹੁ ਬੇਟਾ ਪਾਪ ਵਧ ਗਿਆ ਹੈ, ਸ੍ਰਿਸ਼ਟੀ ਦੁਖੀ ਹੈ ਅਰ ਸਾਰੇ ਸਰੀਰ ਮੁਰਦਾ ਹੋ ਗਏ ਹਨ, ਤੂੰ ਜਾਹ, ਦੁਖ ਦੂਰ ਕਰ ਤੇ ਜ਼ਿ 'ਦਗੀ ਦਾਨ ਕਰ।" ਅਜ ਦੇ ਦਿਨ ਹੀ ਓਹ ਪਿਆਰੇ ਟੁਰਨ ਲਗੇ ਪ੍ਰੇਮ ਵਿਚ ਬੱਧੇ ਰੁਕਦੇ ਸਨ, ਤੇ ਟੁਰੇ ਤਾਂ ਸੁਰਤ ਦੀ ਕੁੰਡੀ ਯਾਦ ਦੀ ਡੋਰ ਨਾਲ ਬੰਨ੍ਹ ਕੇ ਟੁਰੇ, ਪਰ ਉਹੋ ਪ੍ਰੇਮ ਦੀ ਰੱਤੀ ਯਾਦ ਦੀ ਸੁਰਤ ਨਾਲ ਪਾ ਕੇ ਸਾਡੇ ਅੰਦਰ ਬੰਨ੍ਹ ਕੇ ਬਿਰਹੋਂ ਸੁਲਤਾਨ ਦੇ ਹਥ ਫੜਾ ਦਿਤੀ ਕਿ ਜਾਹ ਵਾਹਿਗੁਰੂ ਦੇ ਚਰਨਾਂ ਨਾਲ ਬੰਨ੍ਹ ਦੇਹ। ਜੋ ਜੋ ਇਸ ਡੋਰ ਨਾਲ ਬਝਾ ਸੋ ਸੋ ਜੀਉਂਦਾ ਹੋ ਗਿਆ, ਉਸੇ ਦਾ ਨਾਉਂ ਸਿੱਖ ਹੋਇਆ, ਕਿਉਂਕਿ ਓਹ ਮੁਰਦਾ ਅਵਸਥਾ ਤੋਂ ਜ਼ਿੰਦਗੀ ਵਿਚ ਅਪੜਨ ਦੀ ਜਾਚ ਸਿਖ ਗਿਆ। ਜੀਉਂਦੇ ਗੁਰੂ ਨੇ ਮੁਰਦੇ ਜੀਉਂਦੇ ਕਰਕੇ ਪਿਤਾ ਦੀ ਆਗਯਾ ਪੂਰਨ ਕੀਤੀ, ਪਰ ਆਪ ਪਰਦੇਸ ਵਸਦੇ ਬੀ ਦੇਸ ਰਹੇ, ਪਿਤਾ ਤੋਂ ਵਿਛੜੇ ਬੀ ਮਿਲ ਰਹੇ।

**-ਗੁਰਪੁਰਬ ਗੁਲਜ਼ਾਰ, ਭਾਗ 2**

# ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ

❖ ਹਰਵਿੰਦਰ ਸਿੰਘ *



**ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ॥**
**ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ॥**
(**ਗੰਜ ਨਾਮਾ**, ਭਾਈ ਨੰਦ ਲਾਲ ਜੀ)

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਸਨ ਜਮਾਲ ਰੱਬ ਦੇ ਜਾਹੋ ਜਲਾਲ ਦਾ ਘੇਰਾ ਹੈ। ਗੁਰੂ ਨਾਨਕ ਦੇਵ ਜੀ ਦੇ ਇਲਾਹੀ ਤਖ਼ਤ ਦੇ ਦਸਵੇਂ ਨੂਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 22 ਦਸੰਬਰ 1666 ਈ: ਨੂੰ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ। ਭਾਈ ਸਾਹਿਬ ਭਾਈ ਵੀਰ ਸਿੰਘ ਜੀ **ਗੁਰ ਬਾਲਮ ਸਾਖੀਆਂ** ਵਿੱਚ ਲਿਖਦੇ ਹਨ, "ਉਹ ਦੁਨੀਆਂ ਦਾ ਭਲਾ ਕਰਨ ਵਾਸਤੇ ਉਤੋਂ ਆਸਮਾਨੋ ਉਤਰੇ ਸਨ"। ਜਿਸ ਸਮੇਂ ਬਾਲ ਗੋਬਿੰਦ ਰਾਇ ਦਾ ਪ੍ਰਕਾਸ਼ ਹੋਇਆ ਉਸ ਸਮੇਂ ਆਪਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਢਾਕੇ ਵਿਖੇ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਨੌਵੇਂ ਪਾਤਸ਼ਾਹ ਜੀ ਨੇ ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਪਹਿਲੀ ਵਾਰ ਉਦੋਂ ਵੇਖਿਆ ਜਦੋਂ ਗੋਬਿੰਦ ਰਾਏ ਜੀ ਦੀ ਉਮਰ ਲਗਭਗ ਸਾਢੇ ਤਿੰਨ ਸਾਲ ਦੀ ਹੋ ਚੁੱਕੀ ਸੀ। ਨੌਂ ਸਾਲ ਦੀ ਉਮਰ ਵਿੱਚ ਪਿਤਾ ਜੀ ਦੀ ਸ਼ਹਾਦਤ ਮਗਰੋਂ ਉਹ ਗੁਰਗੱਦੀ ਤੇ ਬਿਰਾਜਮਾਨ ਹੋਏ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਵਿੱਚ ਅਧਿਆਤਮਕ ਗੁਰੂ, ਇੱਕ ਸਫ਼ਲ ਪ੍ਰਬੰਧਕ, ਚੜ੍ਹਦੀ ਕਲਾ ਵਿੱਚ ਵਿਚਰਨ ਵਾਲੇ, ਬਲਵਾਨ ਯੋਧੇ, ਉੱਚ ਕੋਟੀ ਦੇ ਕਵੀ, ਤੇ ਸਫ਼ਲ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ। ਗਿਆਨੀ ਗਿਆਨ ਸਿੰਘ **ਸ੍ਰੀ ਗੁਰੂ ਪੰਥ ਪ੍ਰਕਾਸ਼** ਵਿੱਚ ਆਖਦੇ ਹਨ ਕਿ ਜਿਹੜੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਦੀ ਉਹਨਾਂ ਦੇ ਮਨ ਦੀਆਂ ਇੱਛਾਵਾਂ ਤੇ ਆਤਮਿਕ ਸੰਤੁਸ਼ਟੀ ਗੁਰੂ ਜੀ ਦੇ ਦਰਸ਼ਨਾਂ ਨਾਲ ਪੂਰੀ ਹੋ ਜਾਂਦੀ :-

**ਲੋਗ ਦਰਸ ਹਿਤ ਗੁਰ ਢਿਗ ਆਵੈ॥**
**ਬਾਂਛਤ ਪਾਇ ਧਾਮ ਨਿਜ ਜਾਵੈ॥**

ਗੁਰੂ ਸਾਹਿਬ ਦੇ ਜਨਮ ਤੋਂ ਲੈਕੇ ਬਾਲ ਅਵਸਥਾ, ਜਵਾਨੀ ਅਵਸਥਾ ਤੇ ਉਹਨਾਂ ਦੇ ਸਮੁੱਚੇ ਜੀਵਨ ਕਾਲ ਵਿੱਚ ਵਾਪਰੀਆਂ ਅਲੌਕਿਕ ਘਟਨਾਵਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਾਨਵ ਕਲਿਆਣ ਲਈ ਗੁਰੂ ਸਾਹਿਬ ਨੇ ਕਿੰਨੀਆਂ ਹੀ ਅਨੋਖੀਆਂ ਮਿਸਾਲਾਂ ਕਾਇਮ ਕੀਤੀਆਂ। "ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ" ਦਾ ਸਿਧਾਂਤ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਨੇ ਨਾ ਸਿਰਫ਼ ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਇਆ ਬਲਕਿ ਉਹਨਾਂ ਨੇ ਮਨੁੱਖਤਾ ਦੀ ਬਰਾਬਰਤਾ ਨੂੰ ਕਾਇਮ ਕਰਨ ਹਿੱਤ 'ਖਾਲਸੇ' ਦੀ ਸਿਰਜਣਾ ਵੀ ਕੀਤੀ। ਉਹਨਾਂ ਨੇ ਸਮੁੱਚੇ ਸੰਸਾਰ ਵਿੱਚ ਸ਼ਾਂਤੀ ਸਥਾਪਿਤ ਕਰਨ ਲਈ ਨਵੀਂ ਯੁੱਧ ਨੀਤੀ ਨੂੰ ਵੀ ਦ੍ਰਿਸ਼ਟਮਾਨ ਕੀਤਾ। ਗੁਰੂ ਸਾਹਿਬ ਨੇ **ਜ਼ਫਰਨਾਮਾ** ਵਿੱਚ ਫੁਰਮਾਇਆ ਹੈ:

**ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ॥**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥**

ਜਦੋਂ ਅਮਨ ਅਮਾਨ ਦੇ ਸਾਰੇ ਹੀਲੇ ਅਸਫ਼ਲ ਹੋ ਜਾਣ ਤਾਂ ਗੁਰੂ ਸਾਹਿਬ ਨੇ ਤਲਵਾਰ ਚੁੱਕਣ ਨੂੰ ਜਾਇਜ਼ ਠਹਿਰਾਇਆ ਹੈ। ਖਾਲਸਾ ਪੰਥ ਦੇ ਰੂਪ ਵਿੱਚ ਗੁਰੂ ਜੀ ਨੇ ਅਜਿਹੇ ਪੰਥ ਨੂੰ ਦੁਨੀਆਂ ਸਾਹਮਣੇ ਲਿਆਂਦਾ ਜਿਹੜਾ ਸਵੈਮਾਨ ਨਾਲ ਲਬਰੇਜ਼ ਸੀ ਤੇ ਜ਼ੁਲਮ ਦਾ ਟਾਕਰਾ ਕਰਨ ਦੇ ਸਮਰੱਥ ਸੀ। ਗੁਰੂ ਜੀ ਨੇ ਕੌਮੀ ਪੁਨਰ ਉਸਾਰੀ ਵਿੱਚ ਸਾਹਿਤਿਕ ਸਰਗਰਮੀਆਂ ਨੂੰ ਅਧਾਰ ਬਣਾਇਆ। ਉਹਨਾਂ ਨੇ ਭਾਰਤੀ ਨਾਇਕਾਂ ਦੀਆਂ ਪੁਰਾਤਨ ਕਹਾਣੀਆਂ ਨੂੰ ਅਨੁਵਾਦ ਕੀਤਾ। ਵਹਿਮ ਭਰਮ ਤੋਂ ਮੁਕਤ ਧਰਮ ਦਾ ਦ੍ਰਿੜ ਨਿਸਚਾ ਕਰਵਾਇਆ। ਸਮੁੱਚੀ ਲੋਕਾਈ ਨੂੰ ਉੱਚਾ ਚੁੱਕਣ ਲਈ ਗੁਰੂ ਜੀ ਨੇ ਸਵੈਮਾਣ ਤੇ ਮਨੁੱਖੀ ਸਤਿਕਾਰ ਨੂੰ ਬਹਾਲ ਕੀਤਾ। ਸਮਾਜ ਵਿੱਚ ਪ੍ਰਚਲਿੱਤ ਪਰੰਪਰਾਵਾਂ ਜੋ ਕੁਰਾਹੇ ਪੈ ਚੁੱਕੀਆਂ ਸਨ ਉਹਨਾਂ ਦਾ ਖਾਤਮਾ ਕੀਤਾ। ਉਹ ਸਦਾ ਹੀ ਆਪਣੇ ਸਿੱਖਾਂ ਦੇ ਇੱਕਠ ਨੂੰ ਬੜੇ ਸਤਿਕਾਰ ਨਾਲ ਯਾਦ ਕਰਦੇ ਸਨ:-

**ਇਨਹੀ ਕੇ ਪ੍ਰਸਾਇ ਸੁ ਬਿਦਿਆ ਲਈ॥**
**ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥**
**ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ॥**
**ਨਹਿ ਮੋ ਸੇ ਗਰੀਬ ਕਰੋਰ ਪਰੇ॥** (**ਦਸਮ ਗ੍ਰੰਥ**, ਪੰਨਾ ੬੪੫)

ਪ੍ਰੋ. ਪੂਰਨ ਸਿੰਘ ਆਖਦੇ ਹਨ, "ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਨਵੀਆਂ ਖੁਸ਼ੀਆਂ ਬਖਸ਼ੀਆਂ। ਜਿਹੜੀ ਰੱਬੀ ਬਖਸ਼ਿਸ਼ ਪਹਿਲੇ ਨੌਂ ਗੁਰੂ ਸਾਹਿਬਾਨ ਨੇ ਵੰਡੀ ਸੀ, ਉਹਨਾਂ ਤੋਂ ਵੀ ਵਿਲੱਖਣ ਖੇੜਾ ਤੇ ਚਾਨਣ ਜਿਸ ਤੋਂ ਸਿੱਖ ਜਗਤ ਹੁਣ ਤੱਕ ਅਣਜਾਣ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਭਰਪੂਰਤਾ ਵਿੱਚ ਚਾਰੇ ਪਾਸੇ ਪਸਾਰ ਦਿੱਤਾ"। (**ਦਸ ਗੁਰੂ ਸਾਹਿਬਾਨ**, ਪੰਨਾ ੧੦੮)

ਗੁਰੂ ਜੀ ਨੇ ਸਿੱਖਾਂ ਵਿੱਚ ਵਿੱਦਿਆ ਤੇ ਸਾਹਿਤ ਦੇ ਵਾਧੇ ਨੂੰ ਉਤਸ਼ਾਹ ਦਿੱਤਾ ਤੇ ਉਹਨਾਂ ਨੂੰ ਸੰਸਕ੍ਰਿਤ ਪੜਨ ਲਈ ਬਨਾਰਸ ਭੇਜਿਆ। ਗੁਰੂ ਸਾਹਿਬ ਨੇ ਬਹੁਤ ਸਾਰੇ ਸੰਸਕ੍ਰਿਤ ਤੇ ਹਿੰਦੀ ਗ੍ਰੰਥਾਂ ਦਾ ਬ੍ਰਿਜ ਭਾਸ਼ਾ ਵਿੱਚ ਅਨੁਵਾਦ ਕਰਵਾਇਆ। ਉਹਨਾਂ ਨੇ ਪਾਉਂਟਾ ਸਾਹਿਬ ਵਿਖੇ ਵਿੱਦਿਆ ਦਾ ਇੱਕ ਵੱਡਾ ਕੇਂਦਰ ਸਥਾਪਿਤ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਵਿਸ਼ਾਲ ਸਾਹਿਤਿਕ ਪ੍ਰਤਿਭਾ ਦਾ ਨਮੂਨਾ ਪੇਸ਼ ਕਰਦੇ ਹੋਏ ਬਹੁਤ ਸਾਰੇ ਸਾਹਿਤ ਦੀ ਰਚਨਾ ਵੀ ਕੀਤੀ। ਉਹਨਾਂ ਦੇ ਦਰਬਾਰ ਵਿੱਚ ਬਹੁਤ ਸਾਰੇ ਕਵੀ ਆਪਣੀ ਪ੍ਰਤਿਭਾ ਨੂੰ ਗੁਰੂ ਸਾਹਿਬ ਦੀ ਛਤਰ ਛਾਇਆ ਹੇਠ ਹੋਰ ਨਿਖਾਰਦੇ ਸਨ। ਉਹਨਾਂ ਨੇ ਆਪਣੀ ਬਾਣੀ ਵਿੱਚ ਨਵੇ ਪ੍ਰਤਿਮਾਨ ਸਿਰਜਦੇ ਹੋਏ ਆਪਣੇ ਜੀਵਨ ਉਦੇਸ਼ ਨੂੰ ਦਸਮ ਗ੍ਰੰਥ ਵਿੱਚ ਸਪੱਸ਼ਟ ਕੀਤਾ ਹੈ। ਉਹ ਆਖਦੇ ਹਨ ਕਿ ਮੈਨੂੰ ਅਕਾਲ ਪੁਰਖ ਨੇ ਇਸ ਸੰਸਾਰ ਵਿਚ ਧਰਮ ਦੇ ਪ੍ਰਚਾਰ ਪਸਾਰ ਲਈ ਭੇਜਿਆ ਹੈ ਅਤੇ ਨਾਲ ਹੀ ਧਰਮ ਦੇ ਰਾਹ ਵਿੱਚ ਰੋੜਾ ਬਣਨ ਵਾਲੇ ਦੋਖੀਆਂ ਤੇ ਦੁਸ਼ਟਾਂ ਨੂੰ ਸਜ਼ਾ ਦੇਣ ਦੀ ਜ਼ਿੰਮੇਵਾਰੀ ਵੀ ਸੌਂਪੀ ਹੈ:-

**ਹਮ ਇਹ ਕਾਜ ਜਗਤ ਮੋ ਆਏ।**
**ਧਰਮ ਹੇਤ ਗੁਰਦੇਵ ਪਠਾਏ।**
**ਜਹਾਂ ਤਹਾਂ ਤੁਮ ਧਰਮ ਬਿਥਾਰੋ।**
**ਦੁਸਟ ਦੋਖੀਅਨਿ ਪਕਰਿ ਪਛਾਰੋ।**
**ਯਾਹੀ ਕਾਜ ਧਰਾ ਹਮ ਜਨਮੰ।**
**ਸਮਝ ਲੇਹੁ ਸਾਧੂ ਸਭ ਮਨਮੰ।**
**ਧਰਮ ਚਲਾਵਨ ਸੰਤ ਉਬਾਰਨ।**
**ਦੁਸਟ ਸਭਨ ਕੋ ਮੂਲ ਉਪਾਰਨ।** (**ਦਸਮ ਗ੍ਰੰਥ**, ਪੰਨਾ ੧੨੪)

ਜਿਸ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਰਬ ਸਾਂਝੀਵਾਲਤਾ ਦਾ ਸੰਦੇਸ਼ ਹੈ ਉਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਬਾਣੀ ਵਿੱਚ ਇਸੇ ਸਰਬ ਸਾਂਝ ਨੂੰ ਦ੍ਰਿਸ਼ਟਮਾਨ ਕੀਤਾ ਹੈ, **ਅਕਾਲ ਉਸਤਤਿ** ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ:-

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,**
**ਕੋਊ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ।**
**ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸ਼ਾਫ਼ੀ,**
**ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।** (**ਦਸਮ ਗ੍ਰੰਥ**, ਪੰਨਾ ੭੧੦)

ਗੁਰੂ ਜੀ ਨੇ ਸਾਸ਼ਤਰ ਤੇ ਸ਼ਸ਼ਤਰ ਦਾ ਵਿਲੱਖਣ ਸੁਮੇਲ ਕਰਦਿਆਂ ਸ਼ਹਾਦਤ ਦੇ ਸੰਕਲਪ ਨੂੰ ਵੀ ਨਵੇਂ ਅਰਥ ਦਿੱਤੇ। ਉਹਨਾਂ ਨੇ ਸ਼ਸ਼ਤਰ ਸਤਿਕਾਰ ਨੂੰ ਉਚੇਰੇ ਤੇ ਵਿਲੱਖਣ ਅਰਥ ਦੇ ਕੇ ਉਹਨਾਂ ਦੀ ਮਹਿਮਾ ਕੀਤੀ:-

**ਸਾਂਗ ਸਰੋਹੀ ਸੈਫ ਅਸਿ ਤੀਰ ਤੁਪਕ ਤਰਵਾਰ॥**
**ਸੱਤ੍ਰਾਤਕ ਕਵਚਾਂਤਿ ਕਰ ਕਰੀਐ ਰੱਛ ਹਮਾਰ॥** (**ਦਸਮ ਗ੍ਰੰਥ**, ਪੰਨਾ ੭੧੭)

ਉਹਨਾਂ ਨੇ ਸੰਘਰਸ਼ ਦੀ ਨੈਤਿਕਤਾ ਨੂੰ ਦ੍ਰਿਸ਼ਟਮਾਨ ਕਰਦਿਆਂ ਚੜ੍ਹਦੀ ਕਲਾ ਨੂੰ ਕਲਮਬੰਦ ਕੀਤਾ। ਇਤਿਹਾਸਕ ਦਸਤਾਵੇਜ਼ **ਜ਼ਫ਼ਰਨਾਮੇ** ਰਾਹੀਂ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਉਸਦੇ ਮੂਲ ਤੋਂ ਭਟਕਣ ਬਾਰੇ ਬੇਬਾਕੀ ਨਾਲ ਦਸਦਿਆਂ ਇਸਲਾਮ ਤੋਂ ਦੂਰ ਹੋਣ ਵਾਲਾ ਬਾਦਸ਼ਾਹ ਕਰਾਰ ਦਿੱਤਾ ਹੈ:-

**ਨ-ਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ**
**ਕਿ ਦੌਲਤ ਪ੍ਰਸਤਸਤੁ ਈਮਾਂ ਫ਼ਿਗਨ।**
**ਨ ਈਮਾਂ ਪ੍ਰਸਤੀ ਨ ਅਉਜ਼ਾਇ ਦੀਂ**
**ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ।**

ਗੁਰੂ ਸਾਹਿਬ ਨੇ ਕੇਵਲ ਉਸ ਅਕਾਲ ਪੁਰਖ ਦੀ ਬੰਦਗੀ ਦੀ ਤਾਕੀਦ ਕਰਦੇ ਹੋਏ ਕਿਸੇ ਮਨੁੱਖੀ ਹਸਤੀ ਜਾਂ ਅਵਤਾਰ ਪੂਜਾ ਦਾ ਜ਼ੋਰਦਾਰ ਖੰਡਨ ਕੀਤਾ ਹੈ:-

**ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ**
**ਜੋ ਬਰ ਚਹੋਂ ਸੁ ਤੁਮਤੇ ਪਾਊਂ।**

(ਕਬਿਯੋ ਬਾਚ ਬੇਨਤੀ॥ ਚੌਪਈ)

ਉਹਨਾਂ ਦੀ ਸਮੁੱਚੀ ਮਾਨਵਤਾ ਨੂੰ ਦੇਣ ਬਹੁਪਸਾਰੀ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਹਿੱਤ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਦੇਣ ਉਪਰੰਤ ਖਾਲਸਾ ਪੰਥ ਦੀ ਸਥਾਪਨਾ ਨਾਲ ਸਦੀਆਂ ਦੇ ਕੁਚਲੇ ਹੋਏ ਪਰ-ਅਧੀਨ ਸਮਾਜ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਿਆਂਦਾ। ਖਾਲਸੇ ਨੂੰ ਆਪਣਾ ਰੂਪ ਆਖ ਸਤਿਕਾਰਿਆ :-

**ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ**
**ਯਿਹ ਯਾਦ ਰਖੈਂ ਹਮਰੀ ਗੁਰਿਆਈ॥** (**ਪ੍ਰਾਚੀਨ ਪੰਥ ਪ੍ਰਕਾਸ਼**)

ਖਾਲਸੇ ਦੀ ਸਾਜਨਾ ਨਾਲ ਉਹਨਾਂ ਨੇ ਸੂਰਬੀਰਤਾ ਦੀ ਨਿਰੰਤਰਤਾ ਅਤੇ ਪਵਿੱਤਰਤਾ ਲਈ ਠੋਸ ਪਰਿਵਰਤਨ ਕੀਤਾ। ਖਾਲਸੇ ਦੀ ਸਿਰਜਨਾ ਜ਼ੁਲਮ ਖਿਲਾਫ਼ ਇੱਕ ਅਜਿਹਾ ਐਲਾਨ ਸੀ ਜਿਸਨੇ ਜ਼ੁਲਮ ਨੂੰ ਜੜੋਂ ਉਖਾੜ ਸੁੱਟਣਾ ਸੀ। ਡਾ. ਸ਼ੇਰ ਸਿੰਘ ਲਿਖਦੇ ਹਨ, "ਇਹ ਸਿਰ-ਲੱਥ ਸੂਰਬੀਰਾਂ ਦੀ ਜਥੇਬੰਦੀ ਜੋ ਖਾਲਸਾ ਪੰਥ ਦੇ ਨਾਉਂ ਨਾਲ ਪ੍ਰਸਿੱਧ ਹੋਈ। ਇਸ ਅੰਮ੍ਰਿਤ ਨੇ ਸਿੰਘਾਂ ਦਾ ਹੁਲੀਆ ਅੰਦਰੋਂ ਮਨ ਦਾ ਅਤੇ ਬਾਹਰੋਂ ਸਰੀਰ ਦਾ ਬਿਲਕੁਲ ਬਦਲ ਦਿੱਤਾ। ਉਹਨਾਂ ਦਾ ਨਵਾਂ ਜਨਮ ਹੋਇਆ, ਕਾਇਰਤਾ, ਭਰਮਾਂ ਵਹਿਮਾਂ ਤੇ ਨਿਰਾਸ਼ਤਾ ਭਰਿਆ ਜੀਵਨ ਖਤਮ ਕੀਤਾ ਤੇ ਨਵਾਂ ਜੀਵਨ, ਨਵੇਂ ਸੁਪਨੇ, ਨਵੇਂ ਨਿਸ਼ਾਨ ਤੇ ਨਵੇਂ ਸਰੂਪ ਨਾਲ ਹੀ ਆ ਗਏ। ਗਿੱਦੜਾ ਤੋਂ ਸ਼ੇਰ ਬਣ ਗਏ ਚਿੜੀਆਂ ਬਾਜ਼ਾਂ ਵਿੱਚ ਬਦਲ ਗਈਆਂ।" (**ਗੁਰਮਤਿ ਦਰਸ਼ਨ**, ਪੰਨਾ 74) ਖਾਲਸੇ ਦੀ ਸਿਰਜਣਾ ਤੋਂ ਪਹਿਲਾਂ ਵੀ ਤੇ ਖਾਲਸੇ ਦੀ ਸਿਰਜਣਾ ਤੋਂ ਲੈਕੇ 1708 ਈ: ਤੱਕ ਵੀ ਗੁਰੂ ਸਾਹਿਬ ਨੇ ਅਨੇਕਾਂ ਧਰਮ ਯੁੱਧ ਲੜੇ। ਉਹਨਾਂ ਨੇ ਦੁਸ਼ਟ ਦੋਖੀਆਂ ਦੇ ਖਾਤਮੇ ਅਤੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਹਿੰਦੂ ਰਾਜਿਆਂ ਅਤੇ ਮੁਗਲ ਹਕੂਮਤ ਨਾਲ ਸਖ਼ਤ ਟੱਕਰ ਲਈ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਕੇ ਧਰਮ ਗ੍ਰੰਥਾਂ ਦੇ ਇਤਿਹਾਸ ਵਿੱਚ ਇੱਕ ਨਿਵੇਕਲੀ ਪਹਿਲ ਕਦਮੀ ਕੀਤੀ। ਸ਼ਬਦ ਨੂੰ ਗੁਰੂ ਰੂਪ ਵਿੱਚ ਸਥਾਪਿਤ ਕਰਕੇ ਹਮੇਸ਼ਾ ਲਈ ਸਿੱਖ ਕੌਮੀਅਤ ਦੇ ਵਿਲੱਖਣ ਰੂਪ ਤੇ ਮੋਹਰ ਲਾ ਦਿੱਤੀ।

ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਸਦਾਚਾਰਕ ਮਾਨਵੀ ਕਦਰਾਂ ਕੀਮਤਾਂ ਨੂੰ ਸਥਾਪਿਤ ਕਰਦੇ ਹੋਏ ਅੱਤਿਆਚਾਰੀ ਪ੍ਰਬੰਧ ਖਿਲਾਫ਼ ਜੂਝਣ ਲਈ ਆਮ ਲੋਕਾਈ ਨੂੰ ਤਿਆਰ ਕੀਤਾ। ਉਹਨਾਂ ਨੇ ਭਗਤੀ ਤੇ ਸ਼ਕਤੀ, ਸ਼ਾਸਤਰ ਤੇ ਸ਼ਸਤਰ ਦੀ ਪਰੰਪਰਾ ਸਥਾਪਿਤ ਕੀਤੀ। ਖਾਲਸਾ ਪੰਥ ਨਾ ਕੇਵਲ ਸਿੱਖਾਂ ਲਈ ਬਲਕਿ ਸਮੁੱਚੇ ਸੰਸਾਰ ਲਈ ਪਵਿੱਤਰਤਾ ਦਾ ਲਾਸਾਨੀ ਪ੍ਰਤੀਕ ਬਣਿਆ। ਉਹਨਾਂ ਨੇ ਆਪ ਬੇਮਿਸਾਲ ਸਾਹਿਤ ਦੀ ਰਚਨਾ ਕੀਤੀ ਤੇ ਆਪਣੇ ਦਰਬਾਰ ਦੇ 52 ਕਵੀਆਂ ਦੀ ਸਰਪ੍ਰਸਤੀ ਕਰਕੇ ਸਾਹਿਤ ਤੇ ਸੰਗੀਤ ਨੂੰ ਨਵੀਆਂ ਉਚਾਈਆਂ ਬਖਸ਼ੀਆਂ। ਸਰਬ ਸਾਂਝੀਵਾਲਤਾ ਨੂੰ ਇਸ ਪੱਧਰ ਤੱਕ ਸਥਾਪਿਤ ਕੀਤਾ ਕਿ ਸਮਾਜ ਦੇ ਵੱਖ-ਵੱਖ ਲੋਕਾਂ ਵਿੱਚ ਕੋਈ ਵੀ ਵਿੱਥ ਨਾ ਰਹੀ। **ਜ਼ਫ਼ਰਨਾਮਾ** ਵਰਗੀ ਇਤਿਹਾਸਕ ਰਚਨਾ ਰਚਕੇ ਹਕੂਮਤ ਦੇ ਨਸ਼ੇ ਵਿੱਚ ਗਲਤਾਨ ਬਾਦਸ਼ਾਹ ਔਰੰਗਜ਼ੇਬ ਨੂੰ ਉਸਦੇ ਗੁਨਾਹਾਂ ਦਾ ਬੋਧ ਕਰਵਾਇਆ। ਗੁਰੂ ਜੀ ਇੱਕ ਅਜਿਹੀ ਅਦੁੱਤੀ ਤੇ ਚਮਤਕਾਰੀ ਸ਼ਖਸੀਅਤ ਹਨ ਜਿਹਨਾਂ ਬਾਰੇ ਹਕੀਮ ਅੱਲਾ ਯਾਰ ਖਾਂ ਜੋਗੀ ਆਖਦੇ ਹਨ:-

**ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕਸਮ ਹੈ**
**ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ**
**'ਹਰ ਚੰਦ' ਮਿਰੇ ਹਾਥ ਮੇਂ ਪੁਰਜ਼ੋਰ ਕਲਮ ਹੈ**
**ਸਤਿਗੁਰ ਕੇ ਲਿਖੂੰ ਵਸਫ਼ ਕਹਾਂ 'ਤਾਬਿ ਰਕਮ' ਹੈ।**
(**ਗੰਜਿ ਸ਼ਹੀਦਾਂ ਅਤੇ ਸ਼ਹੀਦਾਨਿ ਵਫ਼ਾ**, ਪੰਨਾ ੧੯)

---

* ਖੋਜਾਰਥੀ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। ਸੰਪਰਕ: 9056860005

# ਸ੍ਰੀ ਗੁਰੂ ਗੋਬਿੰਦ ਸਿੰਘ ਜੀ:
# ਜੀਵਨ ਅਤੇ ਸਾਹਿਤਿਕ ਸਿਰਜਣਾ

❖ ਪ੍ਰਭਜੀਤ ਕੌਰ *

ਤਲਵਾਰ ਅਤੇ ਕਲਮ ਦੇ ਧਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਨਾਤਮਕ ਪ੍ਰਤਿਭਾ ਵਾਲੀ ਇਲਾਹੀ ਸਖਸ਼ੀਅਤ ਸਨ। ਆਪ ਜੀ ਦੀ ਰੂਹਾਨੀ ਅਜ਼ਮਤ ਦਾ ਕਰਿਸ਼ਮਾ ਪੰਥ ਹੈ ਤੇ ਕਾਵਿ ਸ਼ਕਤੀ ਦਾ ਪ੍ਰਕਾਸ਼ **ਦਸਮ ਗ੍ਰੰਥ** ਹੈ। ਜਿੱਥੇ ਆਪ ਨੇ ਇੱਕ ਮਹਾਨ ਆਗੂ ਬਣ ਕੇ ਇੱਕ ਕੌਮ ਨੂੰ ਜਨਮ ਦਿੱਤਾ ਤੇ ਇਸ ਨੂੰ ਕ੍ਰਾਂਤੀਕਾਰੀ ਜਾਗ ਲਾ ਕੇ ਸਮੇਂ ਦੀ ਸ਼ਕਤੀਸ਼ਾਲੀ ਅਤੇ ਜ਼ਾਲਮ ਹਕੂਮਤ ਵਿਰੁੱਧ ਹਥਿਆਰ ਚੁਕਵਾ ਕੇ ਖੜ੍ਹੇ ਕਰ ਦਿੱਤਾ ਉੱਥੇ ਇੱਕ ਉੱਚ-ਕੋਟੀ ਦੇ ਕਲਾਕਾਰ ਦੇ ਰੂਪ ਵਿੱਚ ਅਲੌਕਿਕ ਸਾਹਿਤ ਸਿਰਜ ਕੇ ਇਸ ਨੂੰ ਅਨੇਕ ਪੱਖਾਂ ਤੋਂ ਤਰਾਸ਼ਿਆ, ਘੜਿਆ ਤੇ ਸੰਵਾਰਿਆ। ਗੁਰੂ ਜੀ ਦੀ ਸਾਹਿਤਿਕ ਦੇਣ ਨੂੰ ਜਦੋਂ ਵਾਚਿਆ ਜਾਂਦਾ ਹੈ ਤਾਂ ਸੰਸਾਰ ਦੇ ਤਮਾਮ ਸਾਹਿਤਕਾਰਾਂ ਦਾ ਸਿਰ ਸਤਿਕਾਰ ਨਾਲ ਝੁੱਕ ਜਾਂਦਾ ਹੈ। ਜੰਗਾਂ-ਯੁੱਧਾਂ ਦੇ ਸਮੇਂ ਵੀ ਇੰਨਾ ਜ਼ਿਆਦਾ ਸਾਹਿਤ ਰਚ ਦੇਣਾ ਸਾਹਿਤਿਕ ਖੇਤਰ ਦੀ ਇੱਕ ਵਿਲੱਖਣ ਘਟਨਾ ਹੈ। ਇਤਿਹਾਸ ਗਵਾਹ ਹੈ ਕਿ ਆਪ ਦੀ **ਚੰਡੀ ਦੀ ਵਾਰ** ਨੇ ਜਿੱਥੇ ਮੁਰਦਾ ਰੂਹਾਂ ਵਿੱਚ ਜੋਸ਼ ਤੇ ਜੁਨੂਨ ਪੈਦਾ ਕਰਨ ਦਾ ਕੰਮ ਕੀਤਾ ਉੱਥੇ ਆਪ ਜੀ ਦਾ ਵੰਗਾਰਵਾਂ ਪੱਤਰ **ਜ਼ਫਰਨਾਮਾ** ਔਰੰਗਜ਼ੇਬ ਦੇ ਜ਼ੁਲਮਾਂ ਦਾ ਪਰਦਾ ਫਾਸ਼ ਕਰਦੇ ਹੋਏ ਖੰਜਰ ਬਣ ਕੇ ਉਸ ਦੇ ਦਿਲ 'ਤੇ ਐਸਾ ਵੱਜਿਆ ਕਿ ਉਸ ਦੀ ਮੌਤ ਦਾ ਤਤਕਾਲੀ ਕਾਰਣ ਬਣਿਆ। 1ਹਥਲੇ ਖੋਜ-ਪੱਤਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿੱਦਿਆ-ਪ੍ਰਾਪਤੀ ਤੋਂ ਲੈ ਕੇ ਜੀਵਨ ਦੇ ਹਰ ਪੜਾਅ ਤੇ ਰਚੀ ਗਈ ਸਾਹਿਤਿਕ ਰਚਨਾ ਦੇ ਵੇਰਵੇ ਤੋਂ ਬਾਅਦ ਗੁਰੂ ਜੀ ਦੀ ਸ਼ਾਹਕਾਰ ਰਚਨਾ **ਜ਼ਫਰਨਾਮਾ** ਦੀ ਵਿਸ਼ੇਸ਼ ਤੌਰ ਤੇ ਗੱਲ ਕੀਤੀ ਗਈ ਹੈ।

ਅਦੁੱਤੀ ਸ਼ਖ਼ਸੀਅਤ ਦੇ ਮਾਲਕ, ਮਹਾਨ ਕਵੀ, ਪ੍ਰਤਿਭਾਸ਼ਾਲੀ ਵਿਦਵਾਨ ਤੇ ਸੱਚੇ ਸਮਾਜ ਸੁਧਾਰਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣ ਤੇ ਬਹੁਪੱਖੀ ਸ਼ਖ਼ਸੀਅਤ ਨੂੰ ਕਲਮ ਦੀ ਬੰਦਿਸ਼ ਵਿੱਚ ਲਿਆਉਣਾ ਸਚਮੁੱਚ ਹੀ ਇੱਕ ਬੜਾ ਕਠਿਨ ਕੰਮ ਹੈ। ਅੱਲਾ ਯਾਰ ਖਾਂ ਜੋਗੀ ਵਰਗਾ ਉਸਤਾਦ ਸ਼ਾਇਰ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਘਾਟ ਮਹਿਸੂਸ ਕਰਦਿਆਂ ਤੇ ਆਪਣੀ ਕਲਮ ਦੀ ਸਮਰੱਥਾ ਤੇ ਸ਼ੱਕ ਕਰਦਿਆਂ ਲਿਖਦਾ ਹੈ:-

**ਕਰਤਾਰ ਕੀ ਸੌਗੰਦ, ਨਾਨਕ ਕੀ ਕਸਮ ਹੈ**
**ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ।**
**ਹਰਚੰਦ ਮਿਰੇ ਹਾਥ ਮੇਂ ਪੁਰਜ਼ੋਰ ਕਲਮ ਹੈ**
**ਸਤਿਗੁਰੂ ਕੇ ਲਿਖੂੰ ਵਸਫ ਕਹਾਂ ਤਾਬਿ ਰਕਮ ਹੈ।**

ਵਿਚਾਰ ਅਤੇ ਅਮਲ ਦੋਹਾਂ ਹੀ ਪੱਖਾਂ ਤੋਂ ਇਤਿਹਾਸ ਵਿੱਚ ਨਿਵੇਕਲਾ ਸਥਾਨ ਰੱਖਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਇੱਕੋ ਸਮੇਂ ਬਾਦਸ਼ਾਹ ਤੇ ਦਰਵੇਸ਼ ਅਤੇ ਸੰਤ ਤੇ ਸਿਪਾਹੀ ਸਨ। ਮਸਨਦ ਉੱਤੇ ਸ਼ਹਿਨਸ਼ਾਹ, ਖ਼ਾਲਸੇ ਦੀ ਸੰਗਤ ਵਿੱਚ 'ਆਪੇ ਗੁਰ ਚੇਲਾ' ਰੂਪੀ ਫਕੀਰ, ਗੁਰੂ ਰੂਪ ਵਿੱਚ ਗਿਆਨ ਦੇ ਦਾਤੇ ਅਤੇ ਜੰਗ ਦੇ ਮੈਦਾਨ ਵਿੱਚ 'ਨਿਸਚੈ ਕਰ ਆਪਨੀ ਜੀਤ ਕਰੋਂ' ਕਹਿਕੇ ਕਦੇ ਹਾਰ ਦਾ ਮੂੰਹ ਨਾਂ ਦੇਖਣ ਵਾਲੇ ਮਹਾਨ ਯੋਧਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖ ਅਤੇ ਗ਼ੈਰ-ਸਿੱਖ ਵਿਦਵਾਨਾਂ ਨੇ, ਉਨ੍ਹਾਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਅਤੇ ਉਨ੍ਹਾਂ ਦੀਆਂ ਸਰਬਪੱਖੀ ਪ੍ਰਾਪਤੀਆਂ'ਤੇ ਰੌਸ਼ਨੀ ਪਾਉਂਦੇ ਹੋਏ,ਉਹ ਮਹਾਨ ਵਿਅਕਤੀ ਬਿਆਨ ਕੀਤਾ ਹੈ ਜਿਸ ਨੇ ਆਪਣੇ ਕੇਵਲ 42 ਸਾਲ ਦੇ ਜੀਵਨ-ਕਾਲ ਵਿੱਚ ਹਿੰਦੁਸਤਾਨ ਦੀ ਤਵਾਰੀਖ ਹੀ ਬਦਲ ਕੇ ਰੱਖ ਦਿੱਤੀ। ਲੋਕਾਂ ਦੀ ਗ਼ੁਲਾਮ ਮਾਨਸਿਕਤਾ ਨੂੰ ਬਦਲਣ ਅਤੇ 'ਸੱਚ' ਦੀ ਸਥਾਪਨਾ ਲਈ ਉਨ੍ਹਾਂ ਨੇ ਜਿੱਥੇ ਲੋੜ ਪੈਣ ਤੇ ਤਲਵਾਰ ਦੀ ਵਰਤੋਂ ਕੀਤੀ, ਉਥੇ ਕਲਮ ਦੀ ਵੀ ਬੇਮਿਸਾਲ ਤਾਕਤ ਵਿਖਾਈ।

## ਵਿੱਦਿਆ ਪ੍ਰਾਪਤੀ:

22 ਦਸੰਬਰ 1666 ਨੂੰ ਪਟਨਾ ਸ਼ਹਿਰ ਵਿਖੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁੱਜਰੀ ਜੀ ਦੀ ਕੁੱਖੋਂ ਜਨਮੇ ਗੋਬਿੰਦ ਰਾਏ ਜੀ ਨੇ ਆਪਣੇ ਬਚਪਨ ਦੇ ਪਹਿਲੇ ਚਾਰ ਸਾਲ ਪਟਨੇ ਵਿੱਚ ਹੀ ਮਾਮਾ ਕ੍ਰਿਪਾਲ ਚੰਦ ਜੀ ਦੀ ਦੇਖ-ਰੇਖ ਵਿੱਚ ਗੁਜ਼ਾਰੇ। ਡੇਢ ਕੁ ਸਾਲ ਬਾਬਾ ਬਕਾਲੇ ਰਹਿ ਕੇ ਆਪ ਮਾਰਚ 1972 ਵਿੱਚ ਪਰਿਵਾਰ ਨਾਲ ਆਨੰਦਪੁਰ ਸਾਹਿਬ ਆ ਗਏ। ਇੱਥੇ ਆ ਕੇ ਆਪ ਜੀ ਨੇ ਪੀਰ ਮੁਹੰਮਦ ਕਾਜ਼ੀ ਪਾਸੋਂ ਅਰਬੀ ਅਤੇ ਫ਼ਾਰਸੀ ਸਿੱਖੀ, ਪੰਡਤ ਕਿਰਪਾ ਰਾਮ ਜੀ ਪਾਸੋਂ ਹਿੰਦੀ, ਬ੍ਰਿਜ ਭਾਸ਼ਾ ਅਤੇ ਸੰਸਕ੍ਰਿਤ ਦੀ ਸਿਖਲਾਈ ਪ੍ਰਾਪਤ ਕੀਤੀ, ਮੁਨਸ਼ੀ ਸਾਹਿਬ ਚੰਦ ਜੀ ਤੋਂ ਪੰਜਾਬੀ ਦੀ ਸਿੱਖਿਆ ਲਈ। ਸ਼ਸਤਰ ਵਿੱਦਿਆ ਵੱਲ ਆਪ ਜੀ ਦੀ ਰੁਚੀ ਨੂੰ ਵੇਖਦੇ ਹੋਏ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪ ਜੀ ਨੂੰ ਘੋੜ-ਸਵਾਰੀ, ਤੀਰ-ਅੰਦਾਜ਼ੀ, ਨੇਜ਼ਾਬਾਜ਼ੀ ਅਤੇ ਤੈਰਾਕੀ ਆਦਿ ਸਿੱਖਣ ਲਈ ਯੋਗ ਉਸਤਾਦ ਮੁਕੱਰਰ ਕਰ ਦਿੱਤੇ ਜਿਸ ਵਿੱਚ ਕਿ ਆਪ ਆਪਣੀ ਤੀਖਣ ਬੁੱਧੀ ਅਤੇ ਯੋਗਤਾ ਸਦਕਾ ਛੇਤੀ ਹੀ ਨਿਪੁੰਨ ਹੋ ਗਏ। ਆਪ ਸੰਗੀਤ ਵਿੱਦਿਆ ਦੇ ਵੀ ਪ੍ਰੇਮੀ ਸਨ। 1670 ਈ. ਵਿੱਚ ਜਦ ਔਰੰਗਜ਼ੇਬ ਦੇ ਹੁਕਮਾਂ ਨਾਲ ਸੰਗੀਤ, ਰਾਗ-ਵਿੱਦਿਆ, ਕਾਵਿ-ਰਚਨਾ ਤੇ ਮਹਿਫਿਲਾਂ ਉੱਤੇ ਪਾਬੰਦੀ ਲੱਗ ਗਈ ਸੀ ਤਾਂ ਬਹੁਤ ਸਾਰੇ ਰਾਗੀਆਂ ਤੇ ਕਲਾਕਾਰਾਂ ਨੂੰ ਆਨੰਦਪੁਰ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਸ਼ਰਣ ਦਿੱਤੀ ਕਿਉਂਕਿ ਗੁਰੂ-ਘਰ ਵਿੱਚ ਰਾਗ ਵਿੱਦਿਆ ਦੀ ਪ੍ਰਧਾਨਤਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੀ। ਭਾਈ ਮਰਦਾਨਾ, ਰਬਾਬੀ ਸੱਤਾ ਤੇ ਬਲਵੰਡ ਗੁਰੂ-ਘਰ ਦੇ ਕੀਰਤਨੀਏ ਸਨ। ਬਾਲ ਗੋਬਿੰਦ ਨੇ ਵੀ ਤਬਲਾ, ਮ੍ਰਿਦੰਗ ਤੇ ਸਾਰੰਦਾ ਵਜਾਉਣ ਵਿੱਚ ਮੁਹਾਰਤ ਹਾਂਸਲ ਕੀਤੀ।

## ਆਨੰਦਪੁਰ ਵਿਖੇ ਬਾਣੀ-ਰਚਨਾ ਅਤੇ ਕਵੀ-ਦਰਬਾਰ:

11 ਨਵੰਬਰ, 1675 ਨੂੰ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ 9 ਸਾਲ ਦੀ ਉਮਰ ਵਿੱਚ ਹੀ ਗੁਰਿਆਈ ਦੀ ਜਿੰਮੇਵਾਰੀ ਆਪ ਤੇ ਆਣ ਪਈ। ਪਿਤਾ ਦੀ ਸ਼ਹਾਦਤ ਦੇ ਕਾਰਨਾਂ ਅਤੇ ਔਰੰਗਜ਼ੇਬ ਦੀ ਤੁਅੱਸਬੀ ਧਾਰਮਿਕ ਨੀਤੀ ਨੂੰ ਘੋਖਦਿਆਂ ਆਪ ਨੇ ਅੰਦਰਲੀ ਸੂਝ, ਗਿਆਨ ਅਤੇ ਤਜ਼ਰਬੇ ਨਾਲ ਆਪਣੇ ਹਮਵਤਨਾਂ ਨੂੰ ਮੁੜ ਨਵੇਂ ਸਿਰੇ ਤੋਂ ਉੱਚਾ ਉਠਾਉਣ ਦਾ ਯਤਨ ਆਰੰਭਿਆ। ਮੁਗ਼ਲ ਹਕੂਮਤ ਦੁਆਰਾ ਭਵਿੱਖ ਵਿੱਚ ਖੜ੍ਹੀਆਂ ਕੀਤੀਆਂ ਜਾਣ ਵਾਲੀਆਂ ਮੁਸੀਬਤਾਂ ਦੇ ਟਾਕਰੇ ਦੀ ਤਿਆਰੀ ਲਈ ਆਪ ਨੇ ਸਿੱਖ ਨੌਜੁਆਨਾਂ ਨੂੰ ਸ਼ਸਤਰ-ਵਿੱਦਿਆ, ਘੋੜ-ਸਵਾਰੀ, ਸ਼ਿਕਾਰ ਕਰਨਾ ਅਤੇ ਤੈਰਾਕੀ ਆਦਿ ਦਾ ਅਭਿਆਸ ਕਰਵਾ ਕੇ ਨਿਪੁੰਨ ਕੀਤਾ। ਆਨੰਦਪੁਰ

ਵਿੱਚ ਆਪ ਨੇ ਸ਼ਸਤਰ ਅਤੇ ਸਿੱਖਿਅਤ ਫੌਜ ਵੀ ਰੱਖੀ ਤੇ ਸਵੈ-ਰੱਖਿਆ ਲਈ ਪੰਜ ਕਿਲ੍ਹੇ ਵੀ ਬਣਵਾਏ। ਕਵੀ ਸੰਤੋਖ ਸਿੰਘ ਦੀ ਕਲਮ ਅਨੁਸਾਰ ਆਪ ਨੇ ਆਪਣੇ ਸਿੱਖਾਂ ਨੂੰ ਇਹ ਆਦੇਸ਼ ਕੀਤਾ:

**ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ।**
**ਕਮਰ-ਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ।**

ਹਿੰਦੂਆਂ ਦੀ ਗੁਲਾਮ ਮਾਨਸਿਕਤਾ ਦਾ ਕਾਇਆ-ਕਲਪ ਕਰਨ ਲਈ ਅਤੇ ਉਨ੍ਹਾਂ ਅੰਦਰ ਬੀਰ-ਰਸ ਦਾ ਸੰਚਾਰ ਕਰਨ ਲਈ ਜਿੱਥੇ ਆਪ ਨੇ ਕਾਵਿ ਸਾਹਿਤ ਦੀ ਰਚਨਾ ਦਾ ਕਾਰਜ ਆਰੰਭਿਆ ਉੱਥੇ ਹਿੰਦੂ ਧਰਮ ਦੇ ਪੁਰਾਤਨ ਧਰਮ-ਗ੍ਰੰਥਾਂ, ਸ਼ਾਸਤਰਾਂ ਅਤੇ ਮਹਾਂਕਾਵਾਂ ਦਾ ਸੰਸਕ੍ਰਿਤ ਤੋਂ ਪੰਜਾਬੀ ਭਾਸ਼ਾ ਵਿੱਚ ਉਲਥਾ ਕਰਵਾਉਣ ਦਾ ਵੀ ਕਾਰਜ ਆਰੰਭ ਕੀਤਾ। ਗੁਰੂ ਜੀ ਬਹੁਤਾ ਸਾਹਿਤ ਲੋਕ ਬੋਲੀ ਵਿੱਚ ਹੀ ਲਿਖਣਾ ਤੇ ਲਿਖਵਾਉਣਾ ਚਾਹੁੰਦੇ ਸਨ। ਇਸ ਕੰਮ ਨੂੰ ਛੇਤੀ ਅਤੇ ਸਫਲਤਾ ਪੂਰਵਕ ਕਰਨ ਲਈ ਆਪ ਨੇ ਦੇਸ਼ ਭਰ ਤੋਂ ਉੱਘੇ ਕਵੀਆਂ ਨੂੰ ਆਪਣੇ ਦਰਬਾਰ ਵਿੱਚ ਸੱਦਾ ਦਿੱਤਾ। 1680 ਵਿੱਚ ਔਰੰਗਜ਼ੇਬ ਨੇ ਸੰਸਕ੍ਰਿਤ ਪੜ੍ਹਨ-ਪੜ੍ਹਾਉਣ ਦੇ ਵੀ ਸਾਰੇ ਕੇਂਦਰ ਬੰਦ ਕਰਵਾ ਦਿੱਤੇ ਸਨ ਤਾਂ ਸੰਸਕ੍ਰਿਤ ਦੇ ਕਈ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਵੀ ਆਨੰਦਪੁਰ ਆ ਟਿਕਾਣਾ ਕੀਤਾ। ਆਪ ਜੀ ਦੇ ਦਰਬਾਰ ਵਿੱਚ ਸੈਨਾਪਤਿ, ਨੰਦ ਲਾਲ, ਸੋਹਨ, ਚੰਦਨ, ਰਾਮ ਅਤੇ ਕਵੀ ਸ਼ਿਆਮ ਆਦਿ ਉੱਘੇ ਕਵੀਆਂ ਦੀ ਗਿਣਤੀ 52 ਸੀ। ਆਪ ਨਿੱਤ ਕਵੀ-ਦਰਬਾਰ ਲਾਇਆ ਕਰਦੇ ਅਤੇ ਬੀਰ-ਰਸ ਭਰਪੂਰ ਕਵਿਤਾ ਦੀ ਰਚਨਾ ਕਰਦੇ ਅਤੇ ਕਰਵਾਉਂਦੇ। ਗੁਰੂ ਜੀ ਦੇ ਦਰਬਾਰ ਵਿੱਚ ਰੋਜ਼ ਕਵਿਤਾ ਉਚਾਰੀ ਜਾਂਦੀ, ਗੁਰੂ ਜੀ ਲੋੜ ਅਨੁਸਾਰ ਸੋਧਾਂ ਕਰਦੇ ਤੇ ਚੰਗੀਆਂ ਲਿਖਤਾਂ ਨੂੰ ਇਨਾਮ ਵੀ ਦੇਂਦੇ। ਚੰਦਨ ਕਵੀ ਦੀ ਇੱਕ ਕਵਿਤਾ ਤੇ ਖੁਸ਼ ਹੋ ਕੇ ਇੱਕ ਵਾਰ ਗੁਰੂ ਜੀ ਨੇ ਉਸ ਨੂੰ 60,000 ਮੋਹਰਾਂ ਇਨਾਮ ਵਿੱਚ ਦਿੱਤੀਆਂ। ਇੱਥੇ ਰਹਿੰਦਿਆਂ ਹੀ ਆਪ ਨੇ ਵੀ ਅਜਿਹੀ ਚੋਖੀ, ਉੱਤਮ ਤੇ ਮਨੋਹਰ ਕਵਿਤਾ ਰਚੀ ਜਿਸ ਦੇ ਬਰਾਬਰ ਦੀ ਰਚਨਾ ਹੋਰ ਕੋਈ ਨਾ ਰਚ ਸਕਿਆ। ਆਪ ਨੇ 'ਜਾਪ ਸਾਹਿਬ', 'ਅਕਾਲ ਉਸਤਤ', 'ਤਵ-ਪ੍ਰਸਾਦਿ ਸਵੱਈਏ', 'ਤੇਤੀ ਸਵੱਈਏ', 'ਚੌਪਈ' ਆਦਿ ਬਾਣੀਆਂ, ਅਣਗਿਣਤ ਕਬਿੱਤ ਅਤੇ **ਮਾਰਕੰਡੇ ਪੁਰਾਣ** ਵਿੱਚ ਦੇਵੀ ਦੁਰਗਾ ਦੇ ਰਾਖਸ਼ਾਂ ਨਾਲ ਹੋਏ ਯੁੱਧ ਤੇ ਆਧਾਰਿਤ **ਚੰਡੀ ਦੀ ਵਾਰ** ਦੀ ਰਚਨਾ ਕੀਤੀ। ਆਪ ਜੀ ਨੇ ਆਪਣੀ ਬਾਣੀ ਵਿੱਚ ਪ੍ਰਭੂ ਦੇ ਵੱਖ-ਵੱਖ ਨਾਵਾਂ, ਰੂਪਾਂ ਅਤੇ ਗੁਣਾਂ ਨੂੰ ਗਾਇਨ ਕਰਕੇ ਜਿੱਥੇ ਪ੍ਰਭੂ ਦੀ ਸਰਬੱਗਤਾ ਤੇ ਉੱਚਤਾ ਨੂੰ ਬਿਆਨ ਕੀਤਾ ਹੈ ਉੱਥੇ ਧਰਮ ਦੇ ਨਾਂ ਹੇਠ ਪ੍ਰਚਲਤ ਗ਼ਲਤ ਵਿਸ਼ਵਾਸਾਂ, ਪਖੰਡਾਂ, ਕਰਮ-ਕਾਂਡਾਂ ਵਿੱਚੋਂ ਮਨੁੱਖੀ ਮਨ ਨੂੰ ਕੱਢ ਕੇ ਅੰਤਿਮ ਸੱਚ ਨਾਲ ਜੋੜਿਆ ਹੈ।

**ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥**
**ਪੂਰਨ ਪ੍ਰੇਮ ਪ੍ਰਤੀਤ ਸਜੇ ਬ੍ਰਤ ਗੋਰ ਮੜੀ ਮਠ ਭੂਲ ਨ ਮਾਨੈ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥**
**ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥**

ਇੱਕ ਸੁਲਝੇ ਹੋਏ ਯੁੱਧ ਨੀਤੀਵਾਨ ਵਜੋਂ ਆਪ ਨੇ ਵਿਸ਼ਵ-ਭਾਈਚਾਰੇ ਨੂੰ ਭਗਤੀ ਦੇ ਨਾਲ-ਨਾਲ ਸ਼ਕਤੀ ਦਾ ਵੀ ਸੰਦੇਸ਼ ਦਿੱਤਾ:

**ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੇ ਕਰ ਆਪਨੀ ਜੀਤ ਕਰੋਂ॥**

ਆਪ ਜੀ ਦੀ ਸ਼ਰਣ ਵਿੱਚ ਰਹਿੰਦੇ ਕਵੀਆਂ ਨੂੰ ਆਪ ਜੀ ਕੋਲੋਂ ਜੀਵਿਕਾ ਵੀ ਪ੍ਰਾਪਤ ਹੁੰਦੀ ਸੀ ਤੇ ਸਤਿਕਾਰ ਵੀ। ਉਹ ਵੀ ਆਪਣੇ ਆਸ਼ਰਯ-ਦਾਤਾ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਉਨ੍ਹਾਂ ਦੀ ਰਚੀ ਹੋਈ ਬਾਣੀ ਨਾਲ ਛੰਦ ਮੇਲ ਕੇ ਅਤੇ ਉਸੇ ਸਿਰਲੇਖ ਅਧੀਨ ਰਚਨਾ ਕਰਦੇ। ਅੱਠ ਕੁ ਸਾਲ ਇਸੇ ਤਰ੍ਹਾਂ ਇੱਥੇ ਬੀਰ-ਰਸੀ ਸਾਹਿਤ ਰਚਨਾ ਕਰਦਿਆਂ, ਹਿੰਦੂਆਂ ਤੇ ਸਿੱਖਾਂ ਵਿੱਚ ਨਵੀਂ ਜਿੰਦ-ਜਾਨ, ਨਵਾਂ ਜੋਸ਼ ਤੇ ਨਵੀਆਂ ਤਾਂਘਾਂ ਭਰਦਿਆਂ ਅਤੇ ਬੇ-ਨਿਆਈਆਂ ਵਿਰੁੱਧ ਫੌਜੀ ਤਿਆਰੀਆਂ ਕਰਦਿਆਂ ਬੀਤ ਗਏ।

## ਪਾਉਂਟਾ ਸਾਹਿਬ ਵਿਖੇ ਸਾਹਿਤਿਕ ਸਿਰਜਣਾ:

ਕਹਿਲੂਰ ਦੇ ਪਹਾੜੀ ਹਿੰਦੂ ਰਾਜੇ ਭੀਮ-ਚੰਦ ਨੂੰ ਆਪਦਾ ਇਹ ਵੱਧਦਾ ਹੋਇਆ ਤੇਜ਼-ਪ੍ਰਤਾਪ ਅਤੇ ਮਾਣ-ਤਾਣ ਬਰਦਾਸ਼ਤ ਨਾਂ ਹੋਇਆ। ਅਸਲ ਵਿੱਚ ਉਹ ਗੁਰੂ ਜੀ ਦੀ ਵੱਧਦੀ ਸੈਨਿਕ-ਸ਼ਕਤੀ ਤੋਂ ਘਬਰਾ ਕੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ ਤੇ ਗੁਰੂ ਜੀ ਨੂੰ ਇੱਥੋਂ ਦੂਰ ਭੇਜਣ ਲਈ ਨਿੱਤ ਆਹਡੇ ਲੈਣ ਲੱਗਾ। ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਆਉਣ ਵਾਲੇ ਖਤਰੇ ਨੂੰ ਭਾਂਪਦਿਆਂ ਤੇ ਆਪਣਾ ਪੱਖ ਭਾਰਾ ਕਰਨ ਦੀ ਖਾਤਰ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਆ ਕੇ ਰਹਿਣ ਲਈ ਸੱਦਾ ਦਿੱਤਾ। ਗੁਰੂ ਜੀ ਤਾਂ ਪਹਿਲਾਂ ਹੀ ਇਕਾਂਤ ਦੇ ਚਾਹਵਾਨ ਸਨ। ਸਾਹਿਤਿਕ-ਰਚਨਾ ਦਾ ਜਿਹੜਾ ਪ੍ਰੋਗਰਾਮ ਆਪ ਨੇ ਉਲੀਕਿਆ ਹੋਇਆ ਸੀ, ਉਸ ਦੀ ਪੂਰਤੀ ਲਈ ਇਕਾਂਤ ਵਾਲੇ ਟਿਕ ਾਣੇ ਅਤੇ ਅਮਨ-ਸ਼ਾਂਤੀ ਦੀ ਲੋੜ ਸੀ। ਅਕਤੂਬਰ 1684 ਵਿੱਚ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਨਾਹਨ ਚਲੇ ਗਏ ਤੇ ਉੱਥੇ ਹੀ ਜਮਨਾ ਦੇ ਕਿਨਾਰੇ ਇੱਕ ਕਿਲ੍ਹਾ 'ਪਾਉਂਟਾ ਸਾਹਿਬ' ਬਣਵਾ ਕੇ ਆਪਣੇ ਪਰਿਵਾਰ, ਸਿੰਘਾਂ, ਕਵੀਆਂ ਅਤੇ ਸਾਹਿਤਕਾਰਾਂ ਸਮੇਤ ਰਹਿਣ ਲੱਗੇ। ਇੱਥੇ ਆਪ ਰੋਜ਼ ਕਵੀ ਦਰਬਾਰ ਲਾ ਕੇ ਆਪਣੇ ਦਰਬਾਰੀ ਕਵੀਆਂ ਤੋਂ ਸਾਹਿਤ ਰਚਨਾ ਕਰਵਾਇਆ ਕਰਦੇ ਸਨ। ਇੱਥੇ ਹੀ ਆਪ ਨੇ ਹਿੰਦੂ ਵੇਦ-ਸ਼ਾਸਤਰਾਂ, ਪੁਰਾਣਾਂ ਅਤੇ ਰਮਾਇਣ, ਮਹਾਂਭਾਰਤ ਆਦਿ ਮਹਾਂਕਾਵਾਂ ਦੇ ਪੰਜਾਬੀ ਵਿੱਚ ਉਲੱਥੇ ਸੰਪੂਰਨ ਕਰਵਾਏ। ਆਪ ਨੇ ਪੰਜ ਸਿੱਖ-ਵਿਦਵਾਨਾਂ (ਗੰਡਾ ਸਿੰਘ, ਕਰਮ ਸਿੰਘ, ਸੋਭਾ ਸਿੰਘ, ਵੀਰ ਸਿੰਘ ਤੇ ਰਾਮ ਸਿੰਘ) ਨੂੰ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਇਨ੍ਹਾਂ ਸ਼ਾਸਤਰਾਂ ਦਾ ਅਧਿਐਨ ਕਰਨ ਲਈ ਬਨਾਰਸ ਵੀ ਭੇਜਿਆ। ਜਿਨ੍ਹਾਂ ਨੂੰ ਆਪ ਨੇ 'ਨਿਰਮਲੇ ਸਿੰਘ' ਆਖਿਆ। ਇਨ੍ਹਾਂ ਵਿਦਵਾਨਾਂ ਨੇ ਵਾਪਸ ਆ ਕੇ ਗੁਰੂ ਜੀ ਦੇ ਸਾਹਿਤ ਰਚਨਾ ਅਤੇ ਧਰਮ-ਪ੍ਰਚਾਰ ਦੇ ਕੰਮ ਵਿੱਚ ਬਹੁਤ ਸਹਾਇਤਾ ਕੀਤੀ। 1691 ਤੱਕ ਆਪ ਇੱਥੇ ਹੀ ਰਹੇ। ਪਹਾੜੀ ਰਾਜਿਆਂ ਨੇ ਆਪ ਨਾਲ ਇੱਥੇ ਕਈ ਯੁੱਧ ਲੜੇ। ਇਨ੍ਹਾਂ ਯੁੱਧਾਂ ਦੇ ਦੌਰਾਨ ਵੀ ਆਪ ਬਾਣੀ-ਰਚਨਾ ਕਰਦੇ ਰਹੇ। **ਬਚਿਤ੍ਰ ਨਾਟਕ** ਵਿੱਚ ਇਨ੍ਹਾਂ ਯੁੱਧਾਂ ਦਾ ਹੀ ਵਰਣਨ ਕੀਤਾ ਗਿਆ ਹੈ। **ਬਚਿਤ੍ਰ ਨਾਟਕ** ਕਵਿਤਾ ਰੂਪ ਵਿੱਚ ਆਪ ਜੀ ਦੀ ਸਵੈ-ਜੀਵਨੀ ਹੈ। ਤਤਕਾਲੀਨ ਪ੍ਰਚਲਤ ਕਮੀਆਂ ਤੇ ਕਮਜ਼ੋਰੀਆਂ ਵਾਲੇ ਸੱਭਿਆਚਾਰ ਵਿੱਚ ਮੁਕੰਮਲ ਕ੍ਰਾਂਤੀ ਲਿਆਉਣਾ ਹੀ ਆਪ ਜੀ ਦੀਆਂ ਸਾਹਿਤਿਕ ਰਚਨਾਵਾਂ ਦਾ ਉਦੇਸ਼ ਸੀ ਜੋ ਕਿ **ਬਚਿਤ੍ਰ ਨਾਟਕ** ਵਿੱਚ ਆਪ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ:-

**ਹਮ ਇਹ ਕਾਜ ਜਗਤ ਮੋ ਆਇ। ਧਰਮ ਹੇਤ ਗੁਰਦੇਵ ਪਠਾਏ।**
**ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨਿ ਪਕਰਿ ਪਛਾਰੋ।**

## ਮੁੜ ਆਨੰਦਪੁਰ ਆ ਕੇ ਰਚੇ ਹੋਏ ਸਾਹਿਤ ਦਾ ਸੰਕਲਨ:

1691 ਵਿੱਚ ਗੁਰੂ ਗੋਬਿੰਦ ਸਿੰਘ ਜੀ ਮੁੜ ਆਨੰਦਪੁਰ ਆ ਗਏ। ਹੁਣ ਤੱਕ ਰਚੇ ਗਏ ਸਾਰੇ ਸਾਹਿਤ ਨੂੰ ਆਪ ਨੇ ਇੱਕ ਗ੍ਰੰਥ ਦੇ ਰੂਪ ਵਿੱਚ ਸੰਕਲਿਤ ਕਰਵਾਇਆ। **ਵਿੱਦਿਆ ਸਾਗਰ** ਨਾਮੀ ਇਸ ਵੱਡ-ਆਕਾਰੀ ਗ੍ਰੰਥ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਆ ਸਾਹਿਤ ਅਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਦੁਆਰਾ ਰਚਿਆ ਗਿਆ ਸਾਹਿਤ ਸੰਮਿਲਿਤ ਸੀ।

ਇਸ ਗ੍ਰੰਥ ਵਿਚਲੀਆਂ ਰਚਨਾਵਾਂ ਦੇ ਨਾਲੋ-ਨਾਲ ਉਤਾਰੇ ਵੀ ਕੁਝ ਸ਼ਰਧਾਲੂਆਂ ਨੇ ਕਰ ਕੇ ਰੱਖ ਲਏ ਸੀ। ਇਹ ਨੌ-ਮਣ ਵਜ਼ਨੀ ਗ੍ਰੰਥ ਸਿੱਖ-ਮਾਨਸਿਕਤਾ ਦਾ ਇੱਕ ਅਦੁੱਤੀ ਖ਼ਜ਼ਾਨਾ ਸੀ ਜੋ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ-ਸੰਗਠਨ ਅਤੇ ਕ੍ਰਾਂਤੀ ਦਾ ਇੱਕ ਵੱਡਾ ਕਾਰਣ ਸੀ। ਪ੍ਰੰਤੂ 30 ਮਾਰਚ, 1699 ਨੂੰ ਹੋਏ ਖਾਲਸਾ-ਸਾਜਨਾ ਨੇ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੂੰ

ਹਿਲਾ ਕੇ ਰੱਖ ਦਿੱਤਾ। 20 ਦਸੰਬਰ, 1704 ਨੂੰ ਆਨੰਦਪੁਰ ਦਾ ਕਿਲ੍ਹਾ ਖ਼ਾਲੀ ਕਰਕੇ ਰੋਪੜ ਵੱਲ ਨੂੰ ਚੱਲਣ ਵੇਲੇ ਗੁਰੂ ਜੀ ਨੇ ਇਸ ਗ੍ਰੰਥ ਨੂੰ ਵੀ ਨਾਲ ਹੀ ਲਿਜਾਣ ਦਾ ਫੈਸਲਾ ਕੀਤਾ ਪਰ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਣ ਕਰਕੇ ਨਦੀ ਪਾਰ ਕਰਨ ਸਮੇਂ ਇਹ ਸਾਰਾ ਸਾਹਿਤ ਤੇ ਹੋਰ ਕੀਮਤੀ ਸਾਮਾਨ ਨਦੀ ਵਿੱਚ ਰੁੜ੍ਹ ਗਿਆ। **ਵਿੱਦਿਆ-ਸਾਗਰ** ਗ੍ਰੰਥ ਦੇ ਰੁੜ੍ਹਨ ਵੇਲੇ ਸਿੰਘਾਂ ਨੇ ਉੱਦਮ ਕਰਕੇ ਕੁਝ ਪੱਤਰੇ ਬਚਾ ਲਏ ਜੋ ਕਿ ਬਾਅਦ ਵਿੱਚ ਦਸਖ਼ਤੀ ਪੱਤਰਿਆਂ ਵਜੋਂ ਪ੍ਰਸਿੱਧ ਹੋਏ।

## ਦੀਨਾ-ਕਾਂਗੜ ਵਿਖੇ ਜ਼ਫਰਨਾਮੇ ਦੀ ਸਿਰਜਣਾ:

1704 ਵਿੱਚ ਚਮਕੌਰ ਦੇ ਅਸਾਂਵੇਂ ਯੁੱਧ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਜਦੋਂ ਗੁਰੂ ਜੀ ਮਾਛੀਵਾੜੇ ਤੋਂ ਹੁੰਦੇ ਹੋਏ ਉੱਚ ਦੇ ਪੀਰ ਦੇ ਭੇਸ ਵਿੱਚ ਲੰਮੇ ਜੱਟ ਪੁਰੇ (ਜ਼ਿਲ੍ਹਾ ਲੁਧਿਆਣਾ) ਪੁੱਜੇ ਤਾਂ ਉੱਥੇ ਰਾਇਕੋਟ ਦੇ ਮੁਸਲਮਾਨ ਸਰਦਾਰ ਚੌਧਰੀ ਰਾਇ ਕੱਲ੍ਹੇ ਨੇ ਗੁਰੂ ਜੀ ਨੂੰ ਬਹੁਤ ਹੀ ਆਦਰ-ਸਤਿਕਾਰ ਨਾਲ ਆਪਣੇ ਘਰ ਠਹਿਰਾਇਆ। ਉੱਥੇ ਹੀ ਰਾਇ ਕਲ੍ਹੇ ਦੇ ਘਾਹੀ ਨੂਰੇ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁੱਜਰੀ ਜੀ ਦੀ ਸ਼ਹੀਦੀ ਦੀ ਖਬਰ ਲਿਆ ਕੇ ਆਪ ਨੂੰ ਸੁਣਾਈ। ਲੰਮੇ ਜੱਟ ਪੁਰੇ ਤੋਂ ਚੱਲ ਕੇ ਆਪ ਦੀਨੇ ਪਿੰਡ ਪੁੱਜੇ ਜਿੱਥੇ ਕਿ ਚੌਧਰੀ ਸ਼ਮੀਰ, ਲਖਮੀਰ ਤੇ ਤਖਤ ਮੱਲ ਨਾਂ ਦੇ ਤਿੰਨ ਭਰਾਵਾਂ ਨੇ ਆਪ ਜੀ ਨੂੰ ਬਹੁਤ ਹੀ ਸਤਿਕਾਰ ਨਾਲ ਆਪਣੇ ਚੁਬਾਰੇ ਵਿੱਚ ਰੱਖਿਆ। ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਤੋਂ ਪਹਿਲਾਂ ਔਰੰਗਜ਼ੇਬ ਵੱਲੋਂ ਭੇਜੀਆਂ ਗਈਆਂ ਕਸਮਾਂ ਤੇ ਵਾਅਦਿਆਂ ਨਾਲ ਭਰੀਆਂ ਦੋ ਚਿੱਠੀਆਂ ਦਾ ਜਵਾਬ ਇੱਥੇ ਰਹਿੰਦਿਆਂ ਹੀ **ਜ਼ਫਰਨਾਮਾ** ਦੇ ਨਾਂ ਹੇਠ ਗੁਰੂ ਜੀ ਨੇ ਔਰੰਗਜ਼ੇਬ ਨੂੰ ਭੇਜਿਆ। ਇਹ ਇੱਕ ਇਤਿਹਾਸਕ ਦਸਤਾਵੇਜ਼ ਹੋਣ ਦੇ ਨਾਲ-ਨਾਲ ਚੜ੍ਹਦੀ ਕਲਾ ਦਾ ਸ਼ਿਖ਼ਰ ਹੈ।

## ਲੱਖੀ ਜੰਗਲ ਅਤੇ ਤਲਵੰਡੀ ਸਾਬੋ ਵਿਖੇ ਬਾਣੀ ਦੀ ਰਚਨਾ, ਸੰਕਲਨ ਅਤੇ ਸਥਾਪਨਾ:

ਖਿਦਰਾਣੇ ਦੀ ਢਾਬ 'ਤੇ ਮੁਗ਼ਲਾਂ ਨਾਲ ਹੋਏ ਆਖਰੀ ਤੇ ਨਿਰਣਾਇਕ ਯੁੱਧ ਤੋਂ ਬਾਅਦ ਗੁਰੂ ਜੀ ਮਾਲਵੇ ਵਿੱਚ ਵਿਚਰਦੇ ਹੋਏ ਲੱਖੀ ਜੰਗਲ ਪਹੁੰਚੇ ਤਾਂ ਇੱਥੋਂ ਦੇ ਕੁਦਰਤੀ ਵਾਤਾਵਰਣ ਨੇ ਗੁਰੂ ਜੀ ਦਾ ਮਨ ਮੋਹ ਲਿਆ। ਗੁਰੂ ਜੀ ਨੇ ਕੁਝ ਦਿਨ ਇੱਥੇ ਹੀ ਰੁਕਣ ਦਾ ਫੈਸਲਾ ਕੀਤਾ। ਅਨੇਕਾਂ ਸੰਗਤਾਂ, ਕਵੀ ਤੇ ਢਾਡੀ ਜੋ ਆਨੰਦਪੁਰੋਂ ਆਉਣ ਸਮੇਂ ਵਿੱਛੁੜ ਗਏ ਸਨ, ਗੁਰੂ ਜੀ ਨੂੰ ਮਿਲਣ ਲਈ ਆਉਣ ਲੱਗੇ। ਲੱਖੀ ਜੰਗਲ ਵਿੱਚ ਮੁੜ ਆਨੰਦਪੁਰ ਅਤੇ ਪਾਉਂਟਾ ਸਾਹਿਬ ਵਾਲੇ ਕਵਿ-ਦਰਬਾਰਾਂ ਵਾਲਾ ਨਜ਼ਾਰਾ ਬੱਝ ਗਿਆ। ਕੀਰਤਨ ਦਰਬਾਰ, ਕਥਾ ਵਖਿਆਨ ਤੇ ਕਵੀ ਦਰਬਾਰ ਲੱਗਣ ਲੱਗ ਪਏ। ਬੜੀਆਂ ਦਰਦ-ਭਰੀਆਂ ਤੇ ਦਿਲ-ਹਿਲਾਊ ਕਵਿਤਾਵਾਂ ਇੱਥੇ ਰਚੀਆਂ ਗਈਆਂ। ਇੱਥੋਂ ਤੁਰ ਕੇ ਗੁਰੂ ਜੀ ਸਾਬੋ ਕੀ ਤਲਵੰਡੀ ਪੁੱਜੇ। ਜੰਗਾਂ-ਯੁੱਧਾਂ ਅਤੇ ਅਨੇਕਾਂ ਕਸ਼ਟਾਂ ਭਰੇ ਹਾਲਾਤ ਵਿੱਚੋਂ ਨਿਕਲ ਕੇ ਗੁਰੂ ਜੀ ਨੇ ਇੱਥੇ ਦਮ ਲਿਆ ਅਤੇ ਆਪਣੀ ਸੰਗਤ ਨੂੰ ਨਵੇਂ ਸਿਰਿਉਂ ਇਕੱਠਾ ਕਰਨ ਦੇ ਯਤਨ ਕਰਕੇ ਧਰਮ-ਪ੍ਰਚਾਰ ਕੀਤਾ। ਇਸ ਅਸਥਾਨ ਦਾ ਨਾਮ ਆਪ ਨੇ 'ਦਮਦਮਾ ਸਾਹਿਬ' ਰੱਖਿਆ। ਇੱਥੇ ਵੀ ਕਵੀ ਦਰਬਾਰ ਲਾਏ ਜਾਂਦੇ ਸਨ। ਇੱਥੇ ਰਹਿਣ ਸਮੇਂ ਹੀ ਕਰਤਾਰਪੁਰ ਵਾਲੇ ਧੀਰਮੱਲੀਆਂ ਦੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾਂ ਦੇਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਭਵ ਤੋਂ ਭਾਈ ਮਨੀ ਸਿੰਘ ਜੀ ਹੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬੀੜ ਲਿਖਵਾਈ ਅਤੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਇਸ ਵਿੱਚ ਦਰਜ਼ ਕੀਤੀ। ਇਸ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ। ਇੱਥੇ ਆਪ 9 ਮਹੀਨੇ ਤੇ 9 ਦਿਨ ਰਹੇ। ਇਸ ਤੋਂ ਬਾਅਦ ਆਪ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਦੱਖਣ ਵੱਲ ਚੱਲ ਪਏ। ਇੱਥੇ ਬੰਦਾ ਬਹਾਦਰ ਨੂੰ ਸਿੱਖੀ ਦੀ ਦਾਤ ਦੇਣ ਮਗਰੋਂ ਗੁਰੂ ਜੀ ਨਾਂਦੇੜ ਨੇੜੇ ਗੋਦਾਵਰੀ ਨਦੀ ਦੇ ਕੰਢੇ ਸੁੰਦਰ ਕੁਦਰਤੀ ਨਜ਼ਾਰਿਆਂ ਵਿੱਚ ਰਹਿਣ ਲੱਗੇ ਜਿੱਥੇ ਕਿ ਰੋਜ਼ ਸਵੇਰੇ-ਸ਼ਾਮ ਕਥਾ-ਕੀਰਤਨ ਕੀਤਾ ਜਾਂਦਾ। ਇਸ ਅਸਥਾਨ ਦਾ ਨਾਂ ਆਪ ਨੇ 'ਅਬਚਲ ਨਗਰ' ਰੱਖਿਆ। ਆਪਣੀ ਵਿਲੱਖਣ ਸਿਆਣਪ ਅਤੇ ਦੂਰ-ਅੰਦੇਸ਼ੀ ਦਾ ਸਬੂਤ ਦਿੰਦੇ ਹੋਏ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪ੍ਰਚੱਲਿਤ ਰਸਮ ਅਨੁਸਾਰ ਪੰਜ ਪੈਸੇ ਤੇ ਨਰੇਲ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦਾ ਜੁਗੋ-ਜੁਗ ਅਟੱਲ ਗੁਰੂ ਥਾਪ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਅਸਥਾਪਨ ਤੋਂ ਦੂਜੇ ਹੀ ਦਿਨ ਬਾਅਦ 8 ਅਕਤੂਬਰ 1708 ਨੂੰ ਆਪ ਜੋਤੀ-ਜੋਤ ਸਮਾ ਗਏ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਨੇ ਸ਼ਰਧਾਲੂਆਂ ਪਾਸ ਸੁਰੱਖਿਅਤ ਦਸਖ਼ਤੀ ਪੱਤਰੇ ਅਤੇ ਉਤਾਰੇ ਇਕੱਤਰ ਕਰ ਕੇ ਉਨ੍ਹਾਂ ਰਚਨਾਵਾਂ ਨੂੰ ਸਾਂਭਣ ਦੀ ਮਨਸ਼ਾ ਨਾਲ ਇੱਕ ਹੀ ਬੀੜ ਵਿੱਚ ਸੰਪਾਦਿਤ ਕਰਵਾ ਦਿੱਤਾ। ਭਾਈ ਮਨੀ ਸਿੰਘ ਜੀ ਤੋਂ ਪਿੱਛੋਂ ਬਾਬਾ ਦੀਪ ਸਿੰਘ ਤੇ ਭਾਈ ਸੁੱਖਾ ਸਿੰਘ ਪਟਨਾ ਵਾਲੇ ਨੇ ਵੀ ਆਪਣੇ ਉੱਦਮ ਨਾਲ ਪੋਥੀਆਂ ਇੱਕਠੀਆਂ ਕਰਕੇ ਸੰਕਲਨ ਤਿਆਰ ਕੀਤੇ। ਉਸ ਵੇਲੇ ਤੱਕ ਇਸ ਨਵੇਂ ਸੰਕਲਿਤ ਗ੍ਰੰਥ ਨੂੰ 'ਬਚਿੱਤ੍ਰ ਨਾਟਕ' ਦਾ ਨਾਂ ਦਿੱਤਾ ਜਾਂਦਾ ਸੀ। ਬਾਅਦ ਵਿੱਚ ਇਸ ਨੂੰ 'ਦਸਵੇਂ ਪਾਤਸ਼ਾਹ ਦਾ ਗ੍ਰੰਥ' ਕਿਹਾ ਜਾਣ ਲੱਗਿਆ ਤੇ ਹੁਣ ਇਹੀ ਗ੍ਰੰਥ **ਦਸਮ ਗ੍ਰੰਥ** ਦੇ ਨਾਮ ਨਾਲ ਪ੍ਰਸਿੱਧ ਹੈ। 1428 ਪੰਨਿਆਂ ਵਾਲੇ ਇਸ ਗ੍ਰੰਥ ਵਿੱਚ 17 ਬਾਣੀਆਂ ਦਰਜ਼ ਹਨ। 16ਵੇਂ ਸਥਾਨ 'ਤੇ **ਜ਼ਫਰਨਾਮਾ**, ਜੋ ਕਿ ਫਤਿਹ ਅਤੇ ਚੜ੍ਹਦੀ ਕਲਾ ਦੀ ਚਿੱਠੀ ਹੈ, ਇੱਕ ਪ੍ਰਮਾਣਿਕ ਇਤਿਹਾਸਕ ਦਸਤਾਵੇਜ਼ ਵੱਜੋਂ **ਦਸਮ ਗ੍ਰੰਥ** ਵਿੱਚ ਦਰਜ਼ ਹੈ। ਆਪ ਜੀ ਦੀਆਂ ਬਾਣੀਆਂ 'ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ' ਸਿਰਲੇਖ ਹੇਠ ਦਰਜ਼ ਹਨ।

## ਜ਼ਫਰਨਾਮਾ :

**ਜ਼ਫਰਨਾਮਾ** ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਦਾ ਇੱਕ ਮਹਾਨ ਕਾਰਨਾਮਾ ਕਿਹਾ ਜਾ ਸਕਦਾ ਹੈ ਕਿਉਂਕਿ ਅਜਿਹਾ ਵੰਗਾਰਵਾਂ ਪੱਤਰ ਸ਼ਾਇਦ ਹੀ ਕਿਸੇ ਬੀਰ-ਨਾਇਕ ਨੇ ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨੂੰ ਲਿਖਿਆ ਹੋਵੇ। ਇਹ **ਦਸਮ ਗ੍ਰੰਥ** ਵਿੱਚ ਦਰਜ਼ ਇੱਕ ਉੱਚਤਮ ਇਤਿਹਾਸਿਕ ਅਤੇ ਸਾਹਿਤਿਕ ਰਚਨਾ ਹੈ। **ਜ਼ਫ਼ਰਨਾਮਾ** ਅਸਲ ਵਿੱਚ ਫ਼ਤਿਹਨਾਮਾ ਹੈ। ਜ਼ਫ਼ਰਨਾਮੇ ਦੇ 111 ਬੈਂਤ-ਛੰਦਾਂ ਵਿੱਚੋਂ ਪਹਿਲੇ 12 ਸ਼ੇਅਰ ਮੰਗਲਾਚਰਣ ਵਜੋਂ ਅਕਾਲ-ਪੁਰਖ ਪ੍ਰਮੇਸ਼ਵਰ ਦੀ ਉਸਤਤ ਵਿੱਚ ਲਿਖੇ ਗਏ ਹਨ। ਬਾਕੀ 99 ਸ਼ੇਅਰਾਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ-ਬੀਤੀ ਬਿਆਨ ਕਰ ਕੇ ਸਮੇਂ ਦੀ ਹਕੂਮਤ ਨੂੰ ਇਖ਼ਲਾਕ ਦੀ ਸ਼ੁੱਧਤਾ ਦਾ ਗਿਆਨ ਕਰਵਾਇਆ ਹੈ। ਉਨ੍ਹਾਂ ਹਰ ਹੀਲੇ-ਵਸੀਲੇ ਕਰਨ ਤੋਂ ਬਾਅਦ ਤਲਵਾਰ ਦੀ ਵਰਤੋਂ ਨੂੰ ਜਾਇਜ਼ ਦੱਸਦਿਆਂ ਕਿਹਾ ਹੈ:

> **ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ**
> **ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।**22।11

ਗੁਰੂ ਗੋਬਿੰਦ ਸਿੰਘ ਜੀ ਦੀ ਇਹ ਰਚਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਜਦੋਂ ਸ਼ਸਤਰ ਵੀ ਕਾਰਗਰ ਨਹੀਂ ਰਹਿੰਦਾ, ਉਦੋਂ ਕਲਮ ਕਿਵੇਂ ਕਾਇਆ ਕਲਪ ਕਰਨ ਦੀ ਕਰਾਮਾਤ ਕਰ ਵਿਖਾਉਂਦੀ ਹੈ। ਇਸ ਵਿੱਚੋਂ ਕਲਮ ਦੀ ਸ਼ਕਤੀ ਦਾ ਉਹ ਪ੍ਰਗਟਾਅ ਹੁੰਦਾ ਹੈ ਜਿਸ ਨੇ ਔਰੰਗਜ਼ੇਬ ਵਰਗੇ ਜ਼ਾਲਮ ਅਤੇ ਭੈ-ਮੁਕਤ ਰਾਜੇ ਦਾ ਕਾਇਆ ਕਲਪ ਕਰ ਵਿਖਾਇਆ। ਇਸ ਤਰ੍ਹਾਂ **ਜ਼ਫ਼ਰਨਾਮਾ** ਸਿੱਖ ਇਤਿਹਾਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸੰਘਰਸ਼, ਮੁਗ਼ਲ ਸਰਕਾਰ ਦੀ ਅਨਿਆਂਪੂਰਣ ਨੀਤੀ ਅਤੇ ਧਰਮ-ਯੁੱਧ ਦੀ ਸੱਚੀ-ਸੁੱਚੀ ਕਾਰ ਦਾ ਇੱਕ ਅਦੁੱਤੀ ਹੱਥ-ਲਿਖਤ ਪ੍ਰਮਾਣ ਹੈ।

---

* ਖੋਜ-ਵਿਦਿਆਰਥੀ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। ਮੋਬਾ: ਨੰ: 9463148517

# Guru Gobind Singh : Life & Legacy

❖ Prof. Nikky Guninder Kaur *

The Guru with his resplendent plume astride his royal-blue stallion is indelibly etched in Sikh consciousness. Though his life span was short (1666-1708), Guru Gobind Singh left a most powerful legacy. Generations of Sikhs continue to draw upon his inspiring melodies, his profound spirituality, his egalitarian ideals, his arduous battles, and his vast metaphysical worldview.




The Sikh movement, which began under Guru Nanak, quickly developed various institutions to put into practice his vision of an egalitarian social order. The mission was completed when on the Baisakhi of 1699, Guru Gobind Singh created Order of the Khalsa wherein five Beloved Ones hailing from different castes and directions drank Amrit from the same bowl, thus annihilating the age old caste distinctions. Painting by Lahora Singh. Courtesy: Punjab State Archives, Patiala



Historic Khanda in Takhat Sri Kesgarh Sahib with which Guru Gobind Singh prepared *Amrit* on the Baisakhi of 1699

He was born in Patna, where he spent joyful few years befriending people of different faiths. But as the family was resettling in Anandpur in the Shivalik hills, the nine-year-old came face to face with the tragic martyrdom of his father, Guru Tegh Bahadur. Deriving sustenance from his mother Gujari, young Gobind quickly converted the pain and distress of his father's death into a bracing memory. His personal loss, pain, and anger were sublimated into a dynamic and creative mode of living. The hills around Anandpur began to echo with the chanting of sacred verses and heroic ballads, and with the gallop of the young Guru's horses. The elemental sounds pierced their depressed emotions, and the anguished Sikh hearts began to beat with a new awareness. Later in battles against the neighborhood hill chiefs and Mughal officials, the Guru fought with great courage. The battles he took part in were invariably fought against tyranny and oppression. He was a natural leader, a soldier of unmatched military prowess and courage, whose "heart was constantly in harmony with the Divine, neither losing its qualities of love and compassion in one situation, nor giving way to despair in the other."

Guru Gobind Singh's actions were enlivened by his poetic genius. In the tradition of his spiritual predecessors, he lyrically expressed the themes of love and equality, and a strictly ethical and moral code of conduct. Deprecating idolatry and superstitious beliefs and practices, he evoked the Singular Divine. Injustice was challenged through

both word and deed. Poetry became the medium to impart a new orientation to his subjugated community. The Tenth Guru introduced vigorous meters and rhythms to recharge his people, and created novel images and paradoxes to stretch their imagination. He even picked themes from ancient Indian epics and mythology to evoke martial fervour. Compositions like the *Jaap, Akal Ustat, Bachiter Natak, Chandi Charitra, Chandi di Var, Shabd Hazare* and *Gian Prabodh* reveal his vast knowledge of the Indic world and his innovative aesthetic skills. The fusion of the devotional and the martial was the most important feature of the philosophy of Guru Gobind Singh, and of his career as a spiritual leader and harbinger of a revolutionary impulse.

On the historic Baisakhi of 1699 he gave birth to the Khalsa. He prepared the invigorating *amrit* drink for his Five Beloved by churning water in an iron bowl with his double-edged sword — in the accompaniment of sacred verse. The alchemy of iron intensified by the vigour of the Guru's hymns and sweetened by the sugar-puffs put in by his wife was the radical drink that the Khalsa consumed. The Five Beloved had come to Anandpur from different regions of India and they belonged to different social classes. But sipping the *amrit* from the same bowl, they pledged their allegiance to fight against all forms of tyranny and oppression. Guru Gobind Singh also had his Five Beloved invest him into the Khalsahood. The gesture of the Guru receiving *amrit* from his Khalsa is an important statement that henceforth the Khalsa lead, not be led; that the Khalsa rule, not be ruled. The master-disciple relationship was ended, and an egalitarian and enlightened mode of being was established. Sikhs in all corners of the world continue to recite their magical union: "*vah vah gobind singh ape gur chela* — wonderful, wonderful Gobind Singh who himself is Guru as well as disciple!"

The Guru then gave his Khalsa the five external markers of their new identity – popularly known as the five k-s: *kangha* (comb), *kesha* (unshorn hair), *kirpan* (sword), *kara* (iron/steel bracelet), and *kaccha* (underpants). He is also remembered for revoking the oppressive patriarchal lineage by giving the surname "Singh" (meaning "lion") to the men, and "Kaur" (meaning princess) to the women. In the new family of the Khalsa everyone was to share the same name and worth. The Guru birthed a new morality and eliminated the immemorial custom that people fulfill their specific roles assigned to them at birth. The Khalsa was to be a collective and democratic institution, one in which all the members were royalty — all, including the Guru, equally "Singhs" and "Kaurs." Guru Gobind Singh's momentous event is emotionally and physically registered. The genesis of the personality of Sikhs, their name, their birthplace, their religious rites, their prayers, in other words, what they do and what they wear and how they identify themselves — are all traced to Guru Gobind Singh's Baisakhi of 1699. Indeed, the more than three centuries old event continues to draft the roles Sikh men and women lead throughout their lives, and for their future generations.

His passing of Guruship to the sacred book is yet another unparalleled accomplishment. In the words of Professor Harbans Singh, "This was a most significant development in the history of the community. The finality of the Holy Book was a fact rich in religious and social implications. The Guru Granth became Guru and received divine honours. It was owned as the medium of the revelation descended through the Gurus. It was for Sikhs the perpetual authority, spiritual as well as historical. They lived their religion in response to it. Through it, they were able to observe their faith more fully, more vividly. It was central to all that subsequently happened in Sikh life. It was the source of their verbal tradition and it shaped their intellectual and cultural environment. It moulded the Sikh concept of life. From it the community's ideals, institutions and rituals derived their meaning. Its role in ensuring the community's integration and permanence and in determining the course of its history has been crucial."

The Guru did not pass on the Guruship to any of his disciples; he passed it to the Guru Granth in perpetuity. The Guru Granth Sahib is the physical presence that bonds the Sikhs metaphysically with the Divine One, historically with their ten Gurus, and socially with their community. By attributing the Granth as the person of the historical Gurus, the Tenth Guru intended to disclose for his Sikhs to imagine unprecedented ways of being in the world. With his boundless humanity and divinity, the Guru made the historical and spiritual past perpetually present. The spiritual and moral legacy of the glorious Guru resonates vibrantly in the everyday social, political, economic, and cultural life of the Sikhs.

---

* Department of Religious Studies, Colby College, Waterville, ME. 04901, USA

# 100 ਸਾਲ ਪਹਿਲਾਂ

**ਜਨਵਰੀ 20, 1921**

## ਨਵੇਂ ਵਾਈਸਰਾਇ

ਕੋਈ 20 ਦੇ ਕਰੀਬ ਨਾਮਾਂ ਦੀ ਹੋਰ ਫੇਰੀ ਦੇ ਮਗਰੋਂ ਹਿੰਦੁਸਤਾਨ ਦੇ ਨਵੇਂ ਵਾਈਸਰਾਇ ਲਾਰਡ ਰੀਡਿੰਗ ਬਣਾਏ ਜਾਣ ਦਾ ਸਰਕਾਰੀ ਤੌਰ ਤੇ ਏਲਾਨ ਹੋ ਗਿਆ। ਇਹ ਕਾਨੂੰਨ ਦਾਨੀ ਵਿਚ ਮੰਨੇ ਪ੍ਰਮੰਨੇ ਤੇ ਰੌਸ਼ਨ ਦਿਮਾਗੀ ਵਿਚ ਮਸ਼ਹੂਰ ਹਨ, ਵਲਾਇਤੀ ਤੇ ਹਿੰਦੀ ਅਖਬਾਰਾਂ ਦਾ ਕਥਨ ਹੈ ਕਿ ਇਹ ਚੋਣ ਬਹੁਤ ਯੋਗ ਕੀਤੀ ਗਈ ਹੈ।

ਵਾਹਿਗੁਰੂ ਕਰੇ ਕਿ ਇਹਨਾਂ ਦਾ ਵਾਈਸ ਰਾਇਲਟੀ ਦਾ ਜ਼ਮਾਨਾ ਦੇਸ ਲਈ ਹਰ ਤਰਾਂ ਲਾਭਕਾਰੀ ਸਾਬਤ ਹੋਵੇ।

ਖਿਆਲ ਕੀਤਾ ਜਾਂਦਾ ਹੈ ਕਿ ਕਈ ਅਜੇਹੇ ਮਾਮਲੇ ਜਿਨ੍ਹਾਂ ਨੂੰ ਮੁਸ਼ਕਲਾਂ ਤੇ ਸੰਕਟ ਸਮਝਿਆ ਜਾਇਆ ਕਰਦਾ ਸੀ ਆਪ ਦੀ ਵਿਦਵਤਾ ਤੇ ਚਤੁਰਤਾ ਨਾਲ ਸੁਖੈਨਤਾ ਨਾਲ ਹਲ ਹੋ ਜਾਣਗੇ। ਆਪ ਨੇ ਵਲਾਇਤ ਇਕ ਤਰਰੀਰ ਵਿਚ ਕਿਹਾ ਹੈ ਕਿ ਮੈਂ ਹਿੰਦੁਸਤਾਨ ਵਿਚ ਇਨਸਾਫ ਕਰਨ ਲਈ ਜਾ ਰਿਹਾ ਹਾਂ ਸੋ ਜੇ ਕਦੀ ਮੈਂ ਕਾਮਯਾਬ ਨਾ ਹੋਇਆ, ਤਦ ਨਾ ਕਾਮਯਾਬ ਵੀ ਨਾ ਹੋਵਾਂਗਾ।

## ਦੋ ਨਵੇਂ ਮੈਂਬਰ

ਹਿੰਦ ਐਕਸੀਲੈਨਸੀ ਗਵਰਨਰ ਨੂੰ ਪੰਜਾਬ ਦੀ ਨਵੀਂ ਕੌਂਸਲ ਲਈ ਤਿੰਨ ਮੈਂਬਰ ਚੁਣਨ ਦਾ ਵਸੀਕਾਰ ਸੀ। ਆਪ ਨੇ ਇਹਨਾਂ ਤਿੰਨਾਂ ਮੈਂਬਰਾਂ ਵਿਚੋਂ ਦੋ ਸਿੱਖ (ਸ੍ਰ: ਗੁਪਾਲ ਸਿੰਘ ਭਾਗੋਵਾਲੀਆ ਤੇ ਸ੍ਰ: ਗੁਪਾਲ ਸਿੰਘ ਖੁਬਾਣਾ) ਮੈਂਬਰ ਨਾਮਜਦ ਕੀਤੇ ਹਨ।

## ਕ੍ਰਿਪਾਨਾਂ ਤੇ ਫੜਾ ਫੜੀ

ਸ੍ਰਦਾਰ ਮਤਾ ਸਿੰਘ ਸੈਕਰੇਟਰੀ ਯੰਗਮੈਨ ਸਿਖ ਐਸੋਸੀਏਸ਼ਨ ਕਰਾਚੀ ਲਿਖਦੇ ਹਨ ਕਿ ਕ੍ਰਿਪਾਨਾਂ ਦੀ ਖੁਲ੍ਹ ਹੋਣ ਤੇ 1917 ਵਿਚ ਹੋਰ ਸੂਬਿਆਂ ਨਾਲ ਸਿੰਧ ਵਿਚ ਵੀ ਕ੍ਰਿਪਾਨ ਰੱਖਣ ਦੀ ਆਜ਼ਾਦੀ ਮਿਲ ਗਈ ਸੀ, ਪਰੰਤੂ 1920 ਦੇ ਆਰਮਸ ਐਕਟ ਵਿਚ ਸਿੰਧ ਦਾ ਨਾਮ ਵਿਚੋਂ ਕੱਢ ਦਿੱਤਾ ਗਿਆ ਹੈ।

ਕਰਾਚੀ ਵਿਚ ਭਾਈ ਕੇਸਰ ਸਿੰਘ ਜੀ ਨੂੰ ਜੋ ਬੋਸਰੇ ਤੋਂ ਆਏ ਤੇ ਪੰਜਾਬ ਜਾ ਰਹੇ ਸਨ ਕ੍ਰਿਪਾਨ ਦੇ ਬਦਲੇ ਫੜ ਲਿਆ ਗਿਆ ਹੈ, ਉਹਨਾਂ ਨੂੰ ਜ਼ਮਾਨਤ ਤੇ ਛੁੜਾਕੇ ਆਂਦਾ ਗਿਆ ਹੈ ਤੇ ਮੁਕੱਦਮਾਂ ਅਜੇ ਚਲ ਰਿਹਾ ਹੈ। ਮੁਕੱਦਮਾਂ ਅਦਾਲਤ ਵਿਚ ਹੋਣ ਕਰਕੇ ਇਸ ਮਾਮਲੇ ਤੇ ਕੁਝ ਨਹੀਂ ਲਿਖਿਆ ਜਾ ਸਕਦਾ, ਪਰੰਤੂ ਜਿਥੋਂ ਤਕ ਕ੍ਰਿਪਾਨ ਤੇ ਸਿੰਧ ਦਾ ਤਅੱਲਕ ਹੈ ਅਸੀਂ ਕਹਿ ਸਕਦੇ ਹਾਂ ਕਿ ਸਿੰਧ ਵਿਚ ਕ੍ਰਿਪਾਨ ਰੱਖਣ ਦੀ ਖੁਲ੍ਹ ਹੋਣ ਦੇ ਮਗਰੋਂ ਕੋਈ ਅਜੇਹੀ ਘਟਨਾ ਉਸ ਇਲਾਕੇ ਦੀ ਸੁਣਨ ਵਿਚ ਨਹੀਂ ਆਈ, ਜਿਸਤੋਂ ਸਿੰਧ ਦੇ ਸਿੱਖਾਂ ਤੇ ਅਜੇਹੀ ਅਨੁਚਤ ਪਾਬੰਦੀ ਲਗਣ ਤੇ ਸਰਕਾਰੀ ਕਰਮਚਾਰੀ ਆਪਣੇ ਆਪ ਨੂੰ ਰਾਸਤੀ ਤੇ ਦੱਸ ਸੱਕਣ। ਸਾਡਾ ਖਿਆਲ ਹੈ ਕਿ ਸ਼ਾਇਦ ਅਨਜਾਣੇ ਵਿਚ ਇਹ ਉਕਾਈ ਹੋ ਗਈ ਹੈ ਤੇ ਸਿੰਧੀ ਵੀਰਾਂ ਦੇ ਜ਼ਿੰਮੇਵਾਰ ਅਫਸਰਾਂ ਦੇ ਕੰਨਾਂ ਵਿਚ ਇਹ ਖਬਰ ਅਪੜਾਣ ਤੇ ਦਰੁਸਤੀ ਹੋ ਜਾਏਗੀ ਤੇ ਭਾਈ ਕੇਸਰ ਸਿੰਘ ਜੀ ਦਾ ਮਾਮਲਾ ਸਾਫ ਹੋ ਜਾਏਗਾ।

## ਰਾਤ੍ਰੀ ਸਕੂਲ

ਬਾਹਰਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਦੇ ਸਮਾਗਮ ਵਿਚ ਜੋ ਪਿਛਲੇ ਅਪ੍ਰੈਲ ਦੇ ਪਹਿਲੇ ਹਫਤੇ ਵਿਚ ਡਿੰਗੇ ਵਿਖੇ ਹੋਇਆ ਸੀ ਪੜ੍ਹੇ-ਲਿਖੇ ਭਰਾਵਾਂ ਦੀ ਸੇਵਾ ਵਿਚ ਬੇਨਤੀ ਕੀਤੀ ਗਈ ਸੀ ਕਿ ਉਹ ਅਪਨੇ ਉਹਨਾਂ ਭਰਾਵਾਂ ਦੀ ਵਿਦਜਾ ਲਈ ਜੋ ਦਿਨ ਭਰ, ਅਪਨੀ ਰੋਜ਼ੀ ਕਮਾਉਨ ਵਿਚ ਰੁਝੇ ਰਹਿੰਦੇ ਹਨ ਰਾਤ੍ਰੀ ਸਕੂਲ ਖੋਹਲਨ। ਇਹ ਰੈਜ਼ੋਲਜੂਸ਼ਨ 10ਵੀਂ ਕਾਨਫਰੰਸ ਪਰ ਵੀ ਪਾਸ ਕੀਤਾ ਗਿਆ ਸੀ, ਪਰ ਓਦੋਂ ਤੋਂ ਲੈ ਕੇ ਅਜ ਤਕ ਖੁਲੇ ਰਾਤ੍ਰੀ ਸਕੂਲਾਂ ਦੀ ਥੋਹੜੀ ਜਿਹੀ ਗਿਣਤੀ ਤੋਂ ਮਲੂਮ ਹੁੰਦਾ ਹੈ ਕਿ ਪੜ੍ਹੇ ਲਿਖੇ ਸਿੱਖ ਭਰਾਵਾਂ ਨੇ ਅਪਨੇ ਅਨਪੜ੍ਹ ਤੇ ਦਿਨ ਭਰ ਮੁਸ਼ੱਕਤ ਕਰਕੇ ਰੋਜ਼ੀ ਕਮਾਉਣ ਵਾਲੇ ਵੀਰਾਂ ਨੂੰ ਵਿਦਜਾ ਦੇ ਉਠਾਨ ਦਾ ਕੋਈ ਖਾਸ ਉਪਰਾਲਾ ਨਹੀਂ ਕੀਤਾ।

ਰਾਤ੍ਰੀ ਸਕੂਲ ਖੋਹਲ ਕੇ ਵਿਦਜਾ ਦਾ ਪ੍ਰਚਾਰ ਕਰਨ ਦੀ 'ਕਮ ਖਰਚ ਬਾਲਾ ਨਸ਼ੀਨ' ਵਾਲੀ ਸਕੀਮ ਹੋਰ ਕੋਈ ਨਜ਼ਰ ਨਹੀਂ ਆਂਵਦੀ, ਪਰ ਮਲੂਮ ਹੁੰਦਾ ਹੈ ਕਿ ਖਾਲਸਾ ਜੀ ਵਿਚ ਅਜੇ ਰਾਤ੍ਰੀ ਸਕੂਲਾਂ ਦੇ ਖੋਹਲਣ ਦਾ ਭਲੀ ਪ੍ਰਕਾਰ ਰੌ ਨਹੀਂ ਚਲਿਆ ਤੇ ਨਾਂ ਹੀ ਖਾਲਸਾ ਜੀ ਨੇ ਇਸ ਲਾਭਦਾਇਕ ਸਕੀਮ ਤੋਂ ਲਾਭ ਲੈਣ ਦਾ ਉਪਰਾਲਾ ਕੀਤਾ ਹੈ। ਰਾਤ੍ਰੀ ਸਕੂਲਾਂ ਵਿਚ ਕਈ ਸਹੂਲਤਾਂ ਹਨ, ਇਸ ਲਈ ਖਾਲਸਾ ਜੀ ਨੂੰ ਜ਼ਰੂਰ ਇਸ ਪਾਸੇ ਧਿਆਨ ਦੇ ਨਾ ਚਾਹੀਦਾ ਹੈ। ਰਾਤ੍ਰੀ ਸਕੂਲਾਂ ਦੇ ਮੋਟੇ ਮੋਟੇ ਨਿਯਮ ਇਹ ਹਨ:-

1. ਪੜ੍ਹਾਈ ਘੱਟੋ ਘੱਟ ਦੋ ਘੰਟੇ ਹਰ ਸ਼ਾਮ ਨੂੰ ਹੋਨੀ ਚਾਹੀਦੀ ਹੈ।
2. 5 ਬਰਸ ਤੋਂ ਲੈ ਕੇ ਕਿਸੇ ਆਯੂ ਦੇ ਬਾਲਕ, ਗੱਭਰੂ, ਬ੍ਰਿਧ ਇਹਨਾਂ ਸਕੂਲਾਂ ਵਿਚ ਦਾਖਲ ਹੋ ਸਕਦੇ ਨੇ।
3. ਸਰਕਾਰੀ ਸਹਾਇਤਾ ਵੀ ਇਹਨਾਂ ਸਕੂਲਾਂ ਵਾਸਤੇ ਮਿਲ ਸਕਦੀ ਹੈ, ਜਿਸਤਰਾਂ ਕਿ ਦਿਨ ਦੇ ਇਮਦਾਦੀ ਸਕੂਲਾਂ ਨੂੰ ਮਿਲਦੀ ਹੈ।
4. ਗੁਰਮੁਖੀ ਲਿਖਨਾ ਪੜ੍ਹਨਾ ਤੇ ਮਾਮੂਲੀ ਹਿਸਾਬ ਸਿਖਾਨ ਅਤੇ ਧਾਰਮਕ ਵਿਦਜਾ ਦੇਣ ਨਾਲ ਸਰਕਾਰੀ ਵੀ ਤੇ ਐਜੂਕੇਸ਼ਨਲ ਕਮੇਟੀ ਵਲੋਂ ਵੀ ਸਹਾਇਤਾ ਮਿਲ ਸਕਦੀ ਹੈ।

ਨੋਟ- ਜਿਸ ਜਿਸ ਸੱਜਨ ਨੇ ਦਸਵੀਂ ਕਾਨਫਰੰਸ ਪਰ ਨਾਈਟ ਸਕੂਲ ਖੋਹਲਣ ਦਾ ਭਰੋਸਾ ਦਿੱਤਾ ਸੀ, ਜੇਕਰ ਉਸਨੇ ਅਜੇ ਨਹੀਂ ਖੋਹਲਿਆ ਤਾਂ ਜ਼ਰੂਰ ਉੱਦਮ ਕਰਕੇ ਖੋਹਲੇ।

ਜਿਨ੍ਹਾਂ ਸੱਜਨਾਂ ਨੇ ਨਾਈਟ ਸਕੂਲ ਖੋਲੇ ਹੋਏ ਹਨ, ਪਰ ਐਜੂਕੇਸ਼ਨਲ ਕਮੇਟੀ ਨਾਲ ਸੰਬੰਧਤ ਨਹੀਂ ਕਰਾਏ, ਜੇ ਉਹ ਸੰਬੰਧਤ ਕਰਾਉਨਾ ਚਾਹੁਣ ਯਾ ਸਹਾਇਤਾ ਲੈਣੀ ਚਾਹੁਣ ਤਾਂ ਦਫਤਰ ਵਿਚੋਂ ਫਾਰਮ ਮੰਗਾ ਕੇ ਭਰ ਭੇਜਨ।

ਜੋ ਨਾਂ ਸੰਬੰਧਤ ਕਰਾਉਨਾ ਚਾਹੁਨ, ਨਾਂ ਸਹਾਇਤਾ ਲੈਣੀ ਚਾਹੁਣ, ਓਹ ਕੇਵਲ ਆਪਣੇ ਰਾਤ੍ਰੀ ਸਕੂਲ ਦਾ ਪਤਾ ਹੀ ਲਿਖ ਭੇਜਨ, ਤਾਕਿ ਕੁਲ ਰਾਤ੍ਰੀ ਸਕੂਲਾਂ ਦੀ ਗਿਣਤੀ ਦਾ ਪਤਾ ਲੱਗ ਜਾਵੇ।

ਹੇਠ ਲਿਖੇ ਰਾਤ੍ਰੀ ਸਕੂਲ ਐਸ ਵੇਲੇ ਐਜੂਕੇਸ਼ਨਲ ਕਮੇਟੀ ਨਾਲ ਸੰਬੰਧਤ ਹਨ:-

1. ਖਾਲਸਾ ਨਾਈਟ ਸਕੂਲ ਸਰਗੋਧਾ।
2. ਗੁਰਮੁਖੀ ਰਾਤ੍ਰੀ ਪਾਠਸ਼ਾਲਾ ਅਮਰਾ ਕਲਾਂ
3. ਖਾਲਸਾ ਗੁਰਮੁਖੀ ਰਾਤ੍ਰੀ ਸਕੂਲ ਲਾਲਾ ਮੂਸਾ।
4. ਐਂਗਲੋ ਗੁਰਮੁਖੀ ਨਾਈਟ ਸਕੂਲ ਲਾਹੌਰ।
5. ਸਿਖ ਰਾਤ੍ਰੀ ਸਕੂਲ ਲੁਲਿਆਨੀ।
6. ਸਿਖ ਰਾਤ੍ਰੀ ਸਕੂਲ ਡਿੰਗਾ।

ਦਾਸ— ਸਜਨ ਸਿੰਘ,
ਸਕੱਤ੍ਰ, ਐਜੂਕੇਸ਼ਨਲ ਕਮੇਟੀ

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੨, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੦੮}

[ਵਡਹੰਸੁ ਮਹਲਾ ੪, ਛੰਤ ੧-੯]

| ਮੂਲ | ਅਰਥ |
|---|---|
| ੴ ਸਤਿਗੁਰ ਪ੍ਰਸਾਦਿ॥ ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ॥ ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ ਵਿਸਾਰਣਹਾਰਾ॥ ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੂ ਹਮਾਰਾ॥ ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ॥ ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ॥੧॥ | ਮੇਰੇ ਮਨ ਵਿਚ (ਹਾਂ) ਮੇਰੇ ਮਨ ਵਿਚ ਸਤਿਗੁਰੂ ਨੇ (ਪ੍ਰਭੂ ਦੀ) ਪ੍ਰੀਤਿ ਲਾਈ ਹੈ, (ਉਸ ਨੇ ਇਸ ਕਾਰਜ ਲਈ) ਮੇਰੇ ਮਨ ਵਿਚ ਹਰਿ ਹਰਿ ਹਰਿ ਹਰਿ ਨਾਮ ਵਸਾ ਦਿੱਤਾ। (ਹਾਂ,) ਹਰਿ ਹਰਿ ਨਾਮ ਮੇਰੇ ਮਨ ਵਿਚ ਵਸਾ ਦਿੱਤਾ, (ਉਹ ਨਾਮ ਕੈਸਾ ਹੈ? ਉਹ) ਸਾਰੇ ਦੁੱਖਾਂ ਨੂੰ ਦੂਰ ਕਰ ਦੇਣ ਵਾਲਾ ਹੈ। (ਗੁਰੂ ਕਿਵੇਂ ਮਿਲਿਆ?) ਗੁਰੂ ਦਾ ਦਰਸ਼ਨ ਵੱਡੇ ਭਾਗਾਂ ਕਰਕੇ ਮਿਲਿਆ। (ਉਹ ਗੁਰੂ ਕੈਸਾ ਹੈ? ਉਹ) ਸਾਡਾ ਗੁਰੂ ਧੰਨਤਾ ਯੋਗ ਧੰਨਤਾ ਯੋਗ ਹੈ। (ਹੁਣ ਕਿਵੇਂ ਗੁਰੂ ਨਾਲ ਵਰਤਦੇ ਹੋ?) ਉਠਦਿਆਂ ਬਹਿੰਦਿਆਂ ਸਤਿਗੁਰੂ ਦੀ ਸੇਵਾ ਕਰਦੇ ਹਾਂ, ਜਿਸ ਸੇਵਨ ਨਾਲ ਸ਼ਾਂਤੀ ਪ੍ਰਾਪਤ ਹੋਈ ਹੈ। (ਸੁਣੋਂ ਸਜਣੋ!) ਮੇਰੇ ਮਨ ਵਿਚ (ਹਾਂ) ਮੇਰੇ ਮਨ ਵਿਚ ਸਤਿਗੁਰੂ ਨੇ (ਪ੍ਰਭੂ ਦੀ) ਪ੍ਰੀਤਿ ਲਗਾਈ ਹੈ॥੧॥ |
| ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ॥ ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ॥ ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ॥ ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ॥ ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ॥ ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ॥੨॥ | ਮੈਂ ਸਤਿਗੁਰੂ ਨੂੰ ਦੇਖਕੇ ਰਸਮਯ ਹੋ ਗਿਆ ਹਾਂ (ਤੇ ਹੁਣ ਉਸਨੂੰ) ਮੈਂ ਦੇਖ ਦੇਖ ਕੇ ਜੀਉਂਦਾ ਹਾਂ। (ਉਹ ਗੁਰੂ ਹੁਣ ਆਪਣਾ ਦਿੱਤਾ) ਹਰੀ ਨਾਮ (ਉਹੋ) ਹਰੀ ਨਾਮ ਦ੍ਰਿੜ ਕਰਾਉਂਦਾ ਹੈ (ਜਿਸ) ਹਰਿ ਹਰਿ ਨਾਮ ਨੂੰ ਜਪਕੇ (ਮੈਂ) ਖਿੜਿਆ ਰਹਿੰਦਾ ਹਾਂ। ਹਰੀ ਹਰਿ ਨਾਮ ਨੂੰ ਜਪਕੇ (ਹਿਰਦੇ ਰੂਪ) ਕਮਲ ਖਿੜ ਗਿਆ ਹੈ। (ਇਸੇ) ਹਰਿ ਨਾਮ ਤੋਂ (ਮੈਂ) ਨੌਂ ਨਿਧੀਆ (ਭਾਵ ਸਾਰੇ ਸੁੱਖ ਦਾਤੇ ਪਦਾਰਥ) ਪਾਏ ਹਨ। (ਫੇਰ ਇਸ ਨਾਲ ਅੰਦਰ ਦਾ) ਹਉਮੈ ਰੋਗ ਦੂਰ ਹੋ ਗਿਆ (ਤੇ ਇਸ ਤੋਂ ਉਪਜਿਆ ਸਭ) ਦੁਖ ਲਹਿ ਗਿਆ ਹੈ (ਤੇ) ਹਰੀ ਵਿਚ ਸਹਜ ਸਮਾਧੀ ਲਗਾਈ (ਰਹਿੰਦੇ ਹਾਂ)। ਹਰੀ ਨਾਮ ਦੀ (ਇਹ) ਵਡਿਆਈ ਸਤਿਗੁਰੂ ਤੋਂ ਪਾਈ ਹੈ (ਤੇ) ਸਤਿਗੁਰ ਦੇਵ (ਦੇ ਹੀ) ਪਰਸਨੇ ਨਾਲ ਮਨ ਨੂੰ ਸੁਖ ਹੋਇਆ ਹੈ। ਮੈਂ ਸਤਿਗੁਰੂ ਨੂੰ ਦੇਖ ਕੇ ਰਸਮਯ ਹੋ ਗਿਆ ਹਾਂ (ਤੇ ਹੁਣ ਉਸ ਨੂੰ) ਮੈਂ ਦੇਖ ਦੇਖ ਕੇ ਜੀਉਂਦਾ ਹਾਂ॥੨॥ |
| ਕੋਈ ਆਨਿ ਕੋਈ ਆਨਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ॥ ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ॥ ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ॥ ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ॥ ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ॥ ਕੋਈ ਆਨਿ ਕੋਈ ਆਨਿ ਮਿਲਾਵੈ ਮੇਰਾ ਸਤਿਗੁਰੁ ਪੂਰਾ॥੩॥ | (ਮੈਨੂੰ ਜੋ ਹੁਣ ਬੀ) ਕੋਈ ਲਿਆਕੇ, (ਹਾਂ) ਕੋਈ ਲਿਆਕੇ ਮੇਰਾ ਪੂਰਾ ਸਤਿਗੁਰੂ ਮਿਲਾ ਦੇਵੇ, ਮੈਂ ਉਸਨੂੰ (ਆਪਣਾ) ਮਨ ਤਨ (ਹਾਂ) ਤਨ (ਤੇ) ਮਨ (ਦੇ ਦੇਵਾਂ, ਜੇ ਉਹ ਚਾਹੇ ਤਾਂ) ਮੈਂ ਸਰੀਰ ਕੱਟਕੇ ਬੀ ਦੇ ਦਿਆਂ। (ਮਿਲਾ ਦੇਣਾ ਤਾਂ ਕਿਤੇ ਰਿਹਾ) ਜੋ ਸਤਿਗੁਰ ਦੇ ਬਚਨ (ਹੀ) ਸੁਣਾਏ ਮੈਂ ਉਸ ਨੂੰ ਮਨ ਤਨ ਕੱਟ ਕੱਟਕੇ ਦੇ ਦਿਆਂ। ਮੇਰੇ ਮਨ ਨੂੰ ਪ੍ਰੇਮ ਦੀ ਖੈਂਚ ਪੈ ਰਹੀ ਹੈ, (ਇਸ) ਵਿਰਾਗੀ ਮਨ ਨੂੰ ਗੁਰੂ ਦੇ ਦਰਸ਼ਨਾਂ ਦੇ ਮਿਲਿਆਂ ਹੀ ਸੁਖ ਪ੍ਰਾਪਤ ਹੋਵੇਗਾ। ਹੇ ਸੁਖਦਾਤੇ ਹਰੀ ਹਰਿ! ਦਇਆ ਕਰੋ, ਸਤਿਗੁਰੂ ਦੇ ਚਰਨਾਂ ਦੀ ਸਾਨੂੰ ਧੂੜ ਬਖਸ਼ੋ। ਕੋਈ ਲਿਆਕੇ ਕੋਈ ਲਿਆਕੇ ਮੇਰਾ ਪੂਰਾ ਸਤਿਗੁਰੂ (ਮੈਨੂੰ) ਮਿਲਾ ਦੇਵੇ॥੩॥ |
| ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ॥ ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ॥ ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮੁ ਭਉ ਭਾਗਾ॥ ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਨੀ ਮਨੁ ਲਾਗਾ॥ ਕਹੁ ਨਾਨਕ ਹਰਿ ਆਪਿ ਮਿਲਾਏ ਮਿਲਿ ਸਤਿਗੁਰ ਪੁਰਖ ਸੁਖੁ ਹੋਈ॥ ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ॥੪॥੧॥ | ਗੁਰੂ ਜੇਡਾ ਵੱਡਾ (ਹਾਂ) ਗੁਰੂ ਜੇਡਾ ਵੱਡਾ ਦਾਤਾ ਮੇਰਾ ਹੋਰ ਕੋਈ ਨਹੀਂ। (ਉਹ ਮੈਨੂੰ) ਹਰਿ (ਨਾਮ ਦਾ) ਦਾਨ ਹਰੀ (ਨਾਮ ਦਾ) ਦਾਨ ਦੇਂਦਾ ਹੈ, (ਹਾਂ ਮੇਰਾ) ਨਿਰੰਜਨ ਪੁਰਖ ਬੀ ਉਹੀ ਹੈ। (ਸਿੱਟੇ ਦੀ ਗੱਲ ਇਹ ਹੈ ਕਿ) ਜਿਨ੍ਹਾਂ ਨੇ ਹਰੀ ਹਰਿ ਨਾਮ ਧਿਆਇਆ ਹੈ ਉਨ੍ਹਾ ਦਾ ਭਰਮ ਤੇ ਭਉ (ਤੇ ਇਨ੍ਹਾਂ ਤੋਂ ਉਪਜਿਆ) ਦੁੱਖ (ਸਭ) ਨੱਠ ਜਾਂਦਾ ਹੈ। (ਓਹ) ਵੱਡੇ ਭਾਗਾਂ ਵਾਲੇ ਹਨ ਜੋ ਦਾਸ ਭਾਵਨਾ ਨਾਲ ਮਿਲੇ (ਤੇ) ਜਿਨ੍ਹਾਂ ਦਾ ਮਨ ਗੁਰੂ ਦੇ ਚਰਨਾ ਵਿਚ ਲਗ ਗਿਆ। ਆਖਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ) ਕਿ ਹਰੀ ਆਪ (ਗੁਰੂ) ਮਿਲਾਉਂਦੇ ਹੈ, ਤੇ ਸਤਿਗੁਰ ਪੁਰਖ ਨੂੰ ਮਿਲਕੇ ਸੁੱਖ ਹੁੰਦਾ ਹੈ। ਗੁਰੂ ਜੇਡਾ ਵੱਡਾ (ਹਾਂ) ਗੁਰੂ ਜੇਡਾ ਵੱਡਾ ਦਾਤਾ ਮੇਰਾ ਹੋਰ ਕੋਈ ਨਹੀਂ॥੪॥੧॥ |


'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# 'ਪੰਜਾਬੀ ਸਾਹਿਤ ਵਿਚ ਸਬਾਲਟਰਨ ਚੇਤਨਾ' ਤੇ ਹੋਈ ਚਰਚਾ

ਨਵੀਂ ਦਿੱਲੀ, 8 ਜਨਵਰੀ 2021: ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਯੁਵਾ ਸਾਹਿਤਕਾਰਾਂ ਦੇ ਮਹੀਨਾਵਾਰ ਪ੍ਰੋਗਰਾਮ 'ਯੁਵਾ ਸਾਹਿਤੀ' ਤਹਿਤ ਇਸ ਵਾਰ 'ਪੰਜਾਬੀ ਸਾਹਿਤ ਵਿਚ ਸਬਾਲਟਰਨ ਚੇਤਨਾ' ਤੇ ਚਰਚਾ ਕੀਤੀ ਗਈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਤੋਂ ਖੋਜ-ਵਿਦਿਆਰਥੀ ਬਲਜਿੰਦਰ ਸਿੰਘ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਖੋਜ-ਵਿਦਿਆਰਥੀ ਸਤਵੀਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਦਿੱਲੀ ਯੂਨੀਵਰਸਿਟੀ ਦੇ ਖੋਜ-ਵਿਦਿਆਰਥੀ ਸਤੀਸ਼ ਕੁਮਾਰ ਨੇ ਇਸਦਾ ਸੰਚਾਲਨ ਕੀਤਾ ਅਤੇ ਸਦਨ ਦੇ ਖੋਜ-ਵਿਦਿਆਰਥੀ ਦਵਿੰਦਰ ਸਿੰਘ ਇਸ ਪ੍ਰੋਗਰਾਮ ਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਦਨ ਦੀ ਪਿਛਲੇ ਸਮੇਂ ਤੋਂ ਚਲ ਰਹੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਸਭ ਨੂੰ ਜੀਓ-ਆਇਆਂ ਕਿਹਾ। ਉਨ੍ਹਾਂ ਅਨੁਸਾਰ ਪੰਜਾਬੀ ਸਾਹਿਤ ਸਭਿਆਚਾਰ ਦੇ ਖੇਤਰ 'ਚ ਨੌਜਵਾਨ ਪੀੜ੍ਹੀ ਨੂੰ ਉਭਾਰਨ ਦੇ ਮਕਸਦ ਨਾਲ ਹੀ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ। ਕਨਵੀਨਰ ਦਵਿੰਦਰ ਸਿੰਘ ਨੇ ਪ੍ਰੋਗਰਾਮ 'ਚ ਹਿੱਸਾ ਲੈ ਰਹੇ ਵਕਤਿਆਂ ਨਾਲ ਜਾਣ-ਪਛਾਣ ਕਰਾਈ ਅਤੇ ਸੰਚਾਲਕ ਸਤੀਸ਼ ਕੁਮਾਰ ਨੇ ਸਬਾਲਟਰਨ ਚੇਤਨਾ ਦੀ ਗੱਲ ਕਰਦਿਆਂ ਪੰਜਾਬੀ ਸਾਹਿਤ ਵਿਚ ਹਾਸ਼ੀਆਗ੍ਰਸਤ ਸਥਿਤੀ ਤੇ ਵਿਚਰ ਰਹੇ ਵਰਗਾਂ ਬਾਰੇ ਸੰਖਿਪਤ ਪਰੀਚੈ ਦਿੰਦਿਆਂ ਚਰਚਾ ਦੀ ਸ਼ੁਰੂਆਤ ਕੀਤੀ। ਬਲਜਿੰਦਰ ਸਿੰਘ ਨੇ ਸਬਾਲਟਰਨ ਭਾਵ ਨਿਮਨ ਵਰਗ ਜਾਂ ਹਾਸ਼ੀਆਗ੍ਰਸਤ ਸਮਾਜ ਦੀ ਪਰਿਭਾਸ਼ਾ ਦਿੰਦਿਆਂ ਸਬਾਲਟਰਨ ਉਹਨਾਂ ਧਿਰਾਂ ਨੂੰ ਕਿਹਾ ਜੋ ਕੁਲੀਨ ਧਿਰਾਂ ਦੇ ਗਲਬੇ ਵਿਚ ਰਹਿ ਕੇ ਲੰਬੇ ਸਮੇਂ ਤੋਂ ਗ਼ੁਲਾਮੀ ਭਰਿਆ ਜੀਵਨ ਬਿਤਾਉਣ ਲਈ ਮਜਬੂਰ ਹਨ ਤੇ ਸਮਾਜਕ ਤੇ ਸਾਹਿਤਕ ਪੱਧਰ ਤੇ ਵੀ ਇਹ ਹਾਸ਼ੀਏ ਤੇ ਹੀ ਰਹੇ ਹਨ। ਬਲਜਿੰਦਰ ਅਨੁਸਾਰ ਪੰਜਾਬ 'ਚ ਜਾਤੀਵਾਦ ਬਾਕੀ ਭਾਰਤ ਦੇ ਮੁਕਾਬਲੇ ਉਨਾ ਕਠੋਰ ਨਹੀਂ ਹੈ। ਇੱਥੇ ਇਹ ਮੁੱਖ ਤੌਰ ਤੇ ਜਗੀਰੂ ਮਾਨਸਿਕਤਾ ਦਾ ਸ਼ਿਕਾਰ ਰਿਹਾ ਹੈ। ਦਲਿਤ ਮਰਦ ਨਾਲੋਂ ਦਲਿਤ ਔਰਤ ਨੂੰ ਇਹ ਸੰਤਾਪ ਵਧੇਰੇ ਭੋਗਣਾ ਪਿਆ ਹੈ ਪਰ ਸਾਹਿਤ ਵਿਚ ਦਲਿਤ ਔਰਤ ਦਾ ਜ਼ਿਕਰ ਔਰਤ ਲੇਖਕਾਂ ਨਾਲੋਂ ਵਧੇਰੇ ਮਰਦ ਲੇਖਕਾਂ ਨੇ ਕੀਤਾ ਹੈ। ਸਤਵੀਰ ਸਿੰਘ ਨੇ ਸਬਾਲਟਰਨ ਸ਼ਬਦ ਦੀ ਉਤਪਤੀ ਤੇ ਵਿਕਾਸ ਤੇ ਵਿਸਥਾਰ ਪੂਰਬਕ ਜ਼ਿਕਰ ਕਰਦਿਆਂ ਮੁੱਖ ਤੌਰ ਤੇ ਦੇਸਰਾਜ ਕਾਲੀ ਦੇ ਨਾਵਲਾਂ ਦੇ ਸੰਦਰਭ 'ਚ ਸਬਾਲਟਰਨ ਦੀ ਪਛਾਣ ਨੂੰ ਡੂੰਘਾਈ ਨਾਲ ਪੇਸ਼ ਕੀਤਾ। ਉਨ੍ਹਾਂ ਸ਼ਹਿਰ ਤੇ ਦਲਿਤ ਦੇ ਸੰਬੰਧਾਂ ਨੂੰ ਵੀ ਫਰੋਲਿਆ ਤੇ ਦਲਿਤ ਸਮਾਜ ਦੀਆਂ ਉਨ੍ਹਾਂ ਗਿਆਨ ਪਰੰਪਰਾਵਾਂ ਦੀ ਵੀ ਗੱਲ ਕੀਤੀ ਜਿਹਨਾਂ ਨੂੰ ਦੇਸਰਾਜ ਕਾਲੀ ਨੇ ਆਪਣੇ ਨਾਵਲਾਂ 'ਚ ਅਗਰਭੂਮੀ ਤੇ ਲਿਆਉਣ ਦੀ ਵਕਾਲਤ ਕੀਤੀ ਹੈ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਨੌਜਵਾਨਾਂ ਵੱਲੋਂ ਕੀਤੀ ਸਾਰੀ ਚਰਚਾ ਨੂੰ ਬਹੁਤ ਸਾਰਥਕ ਤੇ ਲਾਹੇਵੰਦ ਦੱਸਦਿਆਂ ਉਨ੍ਹਾਂ ਨੂੰ ਆਪਣੇ ਗਿਆਨ ਦੇ ਦਾਇਰੇ ਨੂੰ ਹੋਰ ਵਸੀਹ ਕਰਨ ਦੀ ਵੀ ਹਿਦਾਇਤ ਕੀਤੀ। ਉਨ੍ਹਾਂ ਇਸ ਗੱਲ ਤੇ ਤਸੱਲੀ ਜ਼ਾਹਰ ਕੀਤੀ ਕਿ ਸਾਹਿਤ ਖੇਤਰ 'ਚ ਨਵੇਂ ਯੁਵਾ ਚਿਹਰਿਆਂ ਨੂੰ ਉਭਾਰਨ ਵਾਲਾ ਪ੍ਰੋਗਰਾਮ 'ਯੁਵਾ ਸਾਹਿਤੀ' ਆਪਣੇ ਸਹੀ ਮਕਸਦ ਵਲ ਅਗ੍ਰਸਰ ਹੈ। ਉਨ੍ਹਾਂ ਇਸ ਆਨਲਾਈਨ ਪ੍ਰੋਗਰਾਮ 'ਚ ਹਾਜ਼ਰ ਸਭ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। *****


ਡਾ.ਮਹਿੰਦਰ ਸਿੰਘ


ਸਤੀਸ਼ ਕੁਮਾਰ


ਬਲਜਿੰਦਰ ਸਿੰਘ


ਸਤਵੀਰ ਸਿੰਘ


ਦਵਿੰਦਰ ਸਿੰਘ


ਡਾ.ਰਵੇਲ ਸਿੰਘ